


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition

**ਅੱਜ ਦਾ ਵਿਚਾਰ**

ਜ਼ਿੰਦਗੀ ਉਹ ਨਹੀਂ ਜੋ ਤੁਸੀਂ ਜੀ ਰਹੇ ਹੋ
ਜ਼ਿੰਦਗੀ ਉਹ ਹੈ ਜੋ ਤੁਹਾਡੇ ਅੰਦਰੋਂ ਜੀਣਾ ਚਾਹੁੰਦੀ ਹੈ

Ludhiana, Sunday 11 January, 2026 | RNI: XXXXXXXXXX | website: www.mywebsite.com

## ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਇੱਕ ਮਹੱਤਵਪੂਰਨ ਨਿਰਦੇਸ਼ ਜਾਰੀ ਕੀਤਾ ਹੈ




ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਇੱਕ ਮਹੱਤਵਪੂਰਨ ਨਿਰਦੇਸ਼ ਜਾਰੀ ਕੀਤਾ ਹੈ। ਅਦਾਲਤ ਨੇ ਹੁਕਮ ਦਿੱਤਾ ਹੈ ਕਿ ਇੱਕ ਸੇਵਾਮੁਕਤ ਸਰਕਾਰੀ ਕਰਮਚਾਰੀ ਦੀ ਬੇਨਤੀ 'ਤੇ ਵਿਚਾਰ ਕੀਤਾ ਜਾਵੇ, ਜਿਸ ਵਿੱਚ ਉਸ ਨੇ ਆਪਣੀ 40 ਸਾਲਾਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਲਿਵ-ਇਨ ਪਾਰਟਨਰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਫੈਮਿਲੀ ਪੈਨਸ਼ਨ ਅਤੇ ਸਿਹਤ ਸਹੂਲਤਾਂ (CGHS) ਲਈ 'ਪੈਨਸ਼ਨ ਪੇਮੈਂਟ ਆਰਡਰ' ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਸੀ। ਜਸਟਿਸ ਨਵੀਨ ਚਾਵਲਾ ਅਤੇ ਜਸਟਿਸ ਮਧੂ ਜੈਨ ਦੀ ਬੈਂਚ ਨੇ ਆਪਣੇ ਫੈਸਲੇ ਵਿੱਚ ਸਪੱਸ਼ਟ ਕੀਤਾ ਕਿ ਪਟੀਸ਼ਨਰ (ਕਰਮਚਾਰੀ) ਨੇ ਕਦੇ ਵੀ ਆਪਣੇ ਇਸ ਰਿਸ਼ਤੇ ਨੂੰ ਲੁਕਾਇਆ ਨਹੀਂ ਸੀ। ਉਸ ਨੇ ਸੇਵਾ ਦੌਰਾਨ ਆਪਣੇ ਸੇਵਾ ਰਿਕਾਰਡਾਂ ਵਿੱਚ ਲਿਵ-ਇਨ ਪਾਰਟਨਰ ਮਨੀਹਾਲ ਦੇਵੀ ਅਤੇ ਬੱਚਿਆਂ ਦੀ ਮੌਜੂਦਗੀ ਨੂੰ ਖੁੱਲ੍ਹ ਕੇ ਦੱਸਿਆ ਸੀ। ਅਦਾਲਤ ਨੇ ਮੰਨਿਆ ਕਿ ਲੰਬੇ ਸਮੇਂ ਦੇ ਸਹਿਵਾਸ ਕਾਰਨ ਉਸ ਨੂੰ ਪਤਨੀ ਵਜੋਂ ਪਛਾਣਿਆ ਜਾ ਸਕਦਾ ਹੈ ਅਤੇ ਇਸ ਰਿਸ਼ਤੇ ਬਾਰੇ ਪੂਰੀ ਪਾਰਦਰਸ਼ਤਾ ਬਣਾਈ ਰੱਖੀ ਗਈ ਸੀ। ਇਸ ਲਈ ਇਸ ਨੂੰ ਗੰਭੀਰ ਦੁਰਾਚਾਰ (grave misconduct) ਮੰਨਣਾ ਗਲਤ ਹੈ।

ਪਿਛਲੇ ਸਮੇਂ ਵਿੱਚ ਵਿਭਾਗ ਨੇ ਇਸ ਕਰਮਚਾਰੀ 'ਤੇ ਇਲਜ਼ਾਮ ਲਾਇਆ ਸੀ ਕਿ ਉਸ ਨੇ ਲਿਵ-ਇਨ ਪਾਰਟਨਰ ਨੂੰ ਪਤਨੀ ਵਜੋਂ ਦਰਸਾ ਕੇ ਵਿਭਾਗ ਨੂੰ ਧੋਖਾ ਦਿੱਤਾ ਅਤੇ ਡਿਪਲੋਮੈਟਿਕ ਪਾਸਪੋਰਟ ਲੈਣ ਲਈ ਗਲਤ ਜਾਣਕਾਰੀ ਦਿੱਤੀ। ਇਸ ਕਾਰਨ 2011 ਵਿੱਚ ਅਨੁਸ਼ਾਸਨੀ ਜਾਂਚ ਸ਼ੁਰੂ ਹੋਈ ਅਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (UPSC) ਦੀ ਸਲਾਹ 'ਤੇ ਉਸ ਦੀ ਮਹੀਨਾਵਾਰ ਪੈਨਸ਼ਨ ਵਿੱਚੋਂ 50 ਫੀਸਦੀ ਰੋਕ ਦਿੱਤੀ ਗਈ ਸੀ। ਇਸ ਤੋਂ ਇਲਾਵਾ ਗ੍ਰੈਚੁਇਟੀ ਵੀ ਪ੍ਰਭਾਵਿਤ ਹੋਈ। 2012 ਵਿੱਚ ਸੇਵਾਮੁਕਤ ਹੋਏ ਇਸ ਕਰਮਚਾਰੀ ਦੀ ਬੇਨਤੀ ਨੂੰ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ (CAT) ਨੇ 2018 ਵਿੱਚ ਰੱਦ ਕਰ ਦਿੱਤਾ ਸੀ।

## ਦਿੱਲੀ ਸ਼ਹਿਰ ਸਰਦੀਆਂ ਦੇ ਸੀਜ਼ਨ ਦੀ ਸਭ ਤੋਂ ਠੰਢੀ ਸਵੇਰ ਨਾਲ



ਸਰਦੀਆਂ ਦੇ ਸੀਜ਼ਨ ਦੀ ਸਭ ਤੋਂ ਠੰਢੀ ਸਵੇਰ ਨਾਲ ਜਾਗਿਆ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ (IMD) ਮੁਤਾਬਕ ਘੱਟੋ-ਘੱਟ ਤਾਪਮਾਨ 4.2 ਡਿਗਰੀ ਸੈਲਸੀਅਸ ਰਿਹਾ, ਜੋ ਸੀਜ਼ਨ ਦੇ ਔਸਤ ਨਾਲੋਂ 2.7 ਡਿਗਰੀ ਘੱਟ ਹੈ। ਇਹ 2024 ਤੋਂ ਬਾਅਦ ਦੀ ਸਭ ਤੋਂ ਠੰਢੀ ਜਨਵਰੀ ਸਵੇਰ ਹੈ (ਪਿਛਲਾ ਰਿਕਾਰਡ 15 ਜਨਵਰੀ 2024 ਨੂੰ 3.3 ਡਿਗਰੀ ਸੀ)। (ਸ਼ੁੱਕਰਵਾਰ) ਵੀ ਬਹੁਤ ਠੰਢ ਸੀ ਜਦੋਂ ਘੱਟੋ-ਘੱਟ ਤਾਪਮਾਨ 4.6 ਡਿਗਰੀ ਰਿਹਾ ਸੀ। IMD ਨੇ ਦਿਨ ਵੇਲੇ ਸੰਘਣੀ ਧੁੰਦ ਦੀ ਭਵਿੱਖਬਾਣੀ ਕੀਤੀ ਹੈ, ਜਿਸ ਕਾਰਨ ਵਿਜ਼ੀਬਿਲਟੀ ਘੱਟ ਹੋ ਸਕਦੀ ਹੈ ਅਤੇ ਟ੍ਰੈਫਿਕ ਤੇ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਨੇ।

ਹਵਾ ਦੀ ਗੁਣਵੱਤਾ ਵੀ ਬਹੁਤ ਖਰਾਬ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (CPCB) ਮੁਤਾਬਕ ਸਵੇਰੇ 9 ਵਜੇ AQI 366 ਸੀ, ਜੋ 'ਬਹੁਤ ਖਰਾਬ' (Very Poor) ਸ਼੍ਰੇਣੀ ਵਿੱਚ ਆਉਂਦਾ ਹੈ। ਠੰਢ, ਧੁੰਦ ਅਤੇ ਪ੍ਰਦੂਸ਼ਣ ਨੇ ਮਿਲ ਕੇ ਹਾਲਾਤ ਹੋਰ ਵਿਗਾੜ ਦਿੱਤੇ ਨੇ। ਲੋਕਾਂ ਨੂੰ ਗਰਮ ਕੱਪੜੇ ਪਾਉਣੇ, ਬਾਹਰ ਜਾਣ ਸਮੇਂ ਮਾਸਕ ਪਹਿਨਣ ਅਤੇ ਸਿਹਤ ਦਾ ਖਾਸ ਧਿਆਨ ਰੱਖਣ ਦੀ ਸਲਾਹ ਦਿੱਤੀ ਜਾ ਰਹੀ ਹੈ।ਪੰਜਾਬੀਆਂ ਲਈ ਇਹ ਖ਼ਬਰ ਬਹੁਤ ਅਹਿਮ ਹੈ ਕਿਉਂਕਿ ਲੁਧਿਆਣਾ ਤੋਂ ਦਿੱਲੀ ਜਾਣ ਵਾਲੇ ਲੋਕਾਂ ਨੂੰ ਸੜਕਾਂ ਤੇ ਧੁੰਦ ਕਾਰਨ ਸਾਵਧਾਨੀ ਵਰਤਣੀ ਪਵੇਗੀ। ਠੰਢ ਦਾ ਕਹਿਰ ਪੂਰੇ ਉੱਤਰ ਭਾਰਤ ਵਿੱਚ ਜਾਰੀ ਹੈ, ਪਰ ਦਿੱਲੀ ਵਿੱਚ ਅੱਜ ਹਾਲਾਤ ਸਭ ਤੋਂ ਵੱਧ ਭਿਆਨਕ ਨੇ। ਆਪਣਾ ਖਿਆਲ ਰੱਖੋ, ਗਰਮ ਰਹੋ ਅਤੇ ਸੁਰੱਖਿਅਤ ਰਹੋ।(ਸ਼ੁੱਕਰਵਾਰ) ਵੀ ਬਹੁਤ ਠੰਢ ਸੀ ਜਦੋਂ ਘੱਟੋ-ਘੱਟ ਤਾਪਮਾਨ 4.6 ਡਿਗਰੀ ਰਿਹਾ ਸੀ। IMD ਨੇ ਦਿਨ ਵੇਲੇ ਸੰਘਣੀ ਧੁੰਦ ਦੀ ਭਵਿੱਖਬਾਣੀ ਕੀਤੀ ਹੈ, ਜਿਸ ਕਾਰਨ ਵਿਜ਼ੀਬਿਲਟੀ ਘੱਟ ਹੋ ਸਕਦੀ ਹੈ ਅਤੇ ਟ੍ਰੈਫਿਕ ਤੇ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਨੇ।ਹਵਾ ਦੀ ਗੁਣਵੱਤਾ ਵੀ ਬਹੁਤ ਖਰਾਬ ਹੈ।

**ਸੜਕ ਹਾਦਸਾ** ਦੋਸਤ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੱਕ ਛੱਡਣ ਲਈ ਜਾ ਰਹੇ ਸਨ

# ਹੁਸ਼ਿਆਰਪੁਰ 'ਚ ਭਿਆਨਕ ਸੜਕ ਹਾਦਸਾ ਵਾਪਰਿਆ ਚਾਰ ਪਰਿਵਾਰਾਂ ਨੂੰ ਅਜਾਨਕ ਬੇਘਰ ਕਰ ਦਿੱਤਾ ਹੈ

ਹੁਸ਼ਿਆਰਪੁਰ 'ਚ ਭਿਆਨਕ ਸੜਕ ਹਾਦਸਾ ਵਾਪਰਿਆ ਹੈ, ਜਿਸ ਨੇ ਚਾਰ ਪਰਿਵਾਰਾਂ ਨੂੰ ਅਜਾਨਕ ਬੇਘਰ ਕਰ ਦਿੱਤਾ ਹੈ। 10 ਜਨਵਰੀ 2026 ਨੂੰ ਸਵੇਰੇ ਦਸੂਹਾ-ਹੁਸ਼ਿਆਰਪੁਰ ਰੋਡ 'ਤੇ ਅੱਡਾ ਦੁਸੜਕਾ ਇਲਾਕੇ ਵਿੱਚ ਇੱਕ ਹਾਈਡ੍ਰਾ ਆਈ20 ਕਾਰ ਅਤੇ ਪੰਜਾਬ ਰੋਡਵੇਜ਼ ਦੀ ਬੱਸ ਵਿਚਕਾਰ ਜ਼ਬਰਦਸਤ ਟੱਕਰ ਹੋ ਗਈ। ਇਸ ਭਿਆਨਕ ਹਾਦਸੇ ਵਿੱਚ ਕਾਰ ਵਿੱਚ ਸਵਾਰ ਚਾਰ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇੱਕ ਜ਼ਖਮੀ ਹੋ ਗਿਆ।

ਇਹ ਚਾਰੇ ਵਿਅਕਤੀ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਨਾਲ ਜੁੜੇ ਚਲੇਟ ਪਿੰਡ (ਦੌਲਤਪੁਰ) ਦੇ ਰਹਿਣ ਵਾਲੇ ਸਨ। ਉਹ ਸਭ ਦੋਸਤ ਸਨ ਅਤੇ ਆਪਣੇ ਇੱਕ ਨੇੜਲੇ ਦੋਸਤ ਅੰਮ੍ਰਿਤ ਕੁਮਾਰ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੱਕ ਛੱਡਣ ਲਈ ਜਾ ਰਹੇ ਸਨ। ਅੰਮ੍ਰਿਤ ਕੁਮਾਰ ਵਿਦੇਸ਼ ਜਾਣ ਵਾਲਾ ਸੀ। ਉਸ ਨੂੰ ਏਅਰਪੋਰਟ ਛੱਡਣ ਤੋਂ ਬਾਅਦ ਵਾਪਸ ਆਉਣਾ ਸੀ ਪਰ ਰਸਤੇ ਵਿੱਚ ਹੀ ਇਹ ਤਰਾਸਦੀ ਵਾਪਰ ਗਈ।ਇਹ ਸਾਰੇ ਇੱਕੋ ਪਿੰਡ ਦੇ ਵਾਸੀ ਸਨ ਅਤੇ ਆਪਣੇ ਦੋਸਤ ਅੰਮ੍ਰਿਤ ਕੁਮਾਰ ਨਾਲ ਬਹੁਤ ਨੇੜੇ ਸਨ। ਸਵੇਰ ਦਾ ਸਮਾਂ ਸੀ, ਘੱਟੋ-ਘੱਟ ਘਣਾ ਕੋਹਰਾ ਛਾਇਆ ਹੋਇਆ ਸੀ। ਪੁਲਿਸ ਅਤੇ ਲੋਕਾਂ ਅਨੁਸਾਰ ਇਸ ਹਾਦਸੇ ਦਾ ਮੁੱਖ ਕਾਰਨ ਘਣੇ ਕੋਹਰੇ ਕਾਰਨ ਘੱਟ ਦਿੱਖ ਅਤੇ ਸੰਭਵ ਤੌਰ 'ਤੇ ਸਪੀਡ ਜਾਂ ਓਵਰਟੇਕਿੰਗ ਸੀ। ਕਾਰ ਦੀ ਹਾਲਤ ਇੰਨੀ ਖਰਾਬ ਹੋ ਗਈ ਕਿ ਉਹ ਬੱਸ ਨਾਲ ਟਕਰਾਉਂਦੇ ਹੀ ਬੇਕਾਬੂ ਹੋ ਗਈ ਅਤੇ ਚਾਰਾਂ ਵਿਅਕਤੀ ਮੌਕੇ 'ਤੇ ਹੀ ਜਾਨ ਗਵਾ ਬੈਠੇ।

ਜ਼ਖਮੀ ਅੰਮ੍ਰਿਤ ਕੁਮਾਰ ਨੂੰ ਤੁਰੰਤ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਉਸ ਦਾ ਇਲਾਜ ਜਾਰੀ ਹੈ। ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ਪਰ ਡਾਕਟਰਾਂ ਨੇ ਉਮੀਦ ਜਤਾਈ ਹੈ ਕਿ ਉਹ ਠੀਕ ਹੋ ਜਾਵੇਗਾ। ਇਹ ਘਟਨਾ ਬਹੁਤ ਦੁਖਦਾਈ ਹੈ ਕਿਉਂਕਿ ਇੱਕ ਪਾਸੇ ਇੱਕ ਨੌਜਵਾਨ ਵਿਦੇਸ਼ ਜਾਣ ਦੀ ਖੁਸ਼ੀ ਮਨਾ ਰਿਹਾ ਸੀ ਅਤੇ ਦੂਜੇ ਪਾਸੇ ਉਸ ਨੂੰ ਛੱਡਣ ਵਾਲੇ ਚਾਰ ਦੋਸਤ ਅਜਿਹੇ ਹਾਦਸੇ ਵਿੱਚ ਚਲੇ ਗਏ।

ਪਿੰਡ ਚਲੇਟ ਵਿੱਚ ਸੋਗ ਦੀ ਲਹਿਰ ਛਾਈ ਹੋਈ ਹੈ। ਪਰਿਵਾਰਾਂ ਦੇ ਮੈਂਬਰ ਰੋ-ਰੋ ਕੇ ਬੁਰਾ ਹਾਲ ਹੋ ਗਏ ਹਨ। ਇਹ ਲੋਕ ਆਮ ਜ਼ਿੰਦਗੀ ਜੀ ਰਹੇ ਸਨ, ਬੱਚਿਆਂ ਨੂੰ ਪਾਲ ਰਹੇ ਸਨ, ਘਰ ਚਲਾ ਰਹੇ ਸਨ ਅਤੇ ਅਚਾਨਕ ਇੱਕ ਪਲ ਵਿੱਚ ਸਭ ਖਤਮ ਹੋ ਗਿਆ। ਇਹ ਹਾਦਸਾ ਸੜਕ ਸੁਰੱਖਿਆ ਦੀ ਕਮੀ ਨੂੰ ਇੱਕ ਵਾਰ ਫਿਰ ਸਾਹਮਣੇ ਲਿਆਂਦਾ ਹੈ। ਖਾਸ ਕਰਕੇ ਸਰਦੀਆਂ ਵਿੱਚ ਘਣੇ ਕੋਹਰੇ ਦੇ ਦੌਰਾਨ ਡਰਾਈਵਿੰਗ ਕਰਦੇ ਸਮੇਂ ਸਾਵਧਾਨੀ ਬਹੁਤ ਜ਼ਰੂਰੀ ਹੈ। ਸਪੀਡ ਘੱਟ ਰੱਖਣੀ ਚਾਹੀਦੀ ਹੈ, ਫੋਗ ਲਾਈਟਸ ਵਰਤਣੀਆਂ ਚਾਹੀਦੀਆਂ ਹਨ ਅਤੇ ਓਵਰਟੇਕਿੰਗ ਤੋਂ ਬਚਣਾ ਚਾਹੀਦਾ ਹੈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ। ਐਫਆਈਆਰ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਰੋਡਵੇਜ਼ ਬੱਸ



ਦੇ ਡਰਾਈਵਰ ਅਤੇ ਕੰਡਕਟਰ ਨੂੰ ਵੀ ਪੁੱਛਗਿੱਛ ਲਈ ਬੁਲਾਇਆ ਗਿਆ ਹੈ। ਇਹ ਘਟਨਾ ਪੰਜਾਬ ਅਤੇ ਹਿਮਾਚਲ ਦੇ ਲੋਕਾਂ ਵਿੱਚ ਬਹੁਤ ਚਰਚਾ ਵਿੱਚ ਹੈ। ਲੋਕ ਸੋਸ਼ਲ ਮੀਡੀਆ 'ਤੇ ਸੋਗ ਮਨਾ ਰਹੇ ਹਨ ਅਤੇ ਸੜਕ ਸੁਰੱਖਿਆ ਲਈ ਜਾਗਰੂਕਤਾ ਵਧਾਉਣ ਦੀ ਮੰਗ ਕਰ ਰਹੇ ਹਨ।ਇਹ ਤਰਾਸਦੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਜ਼ਿੰਦਗੀ ਕਿੰਨੀ ਨਾਜ਼ੁਕ ਹੈ। ਇੱਕ ਪਲ ਵਿੱਚ ਸਭ ਕੁਝ ਬਦਲ ਸਕਦਾ ਹੈ। ਅਸੀਂ ਸਾਰਿਆਂ ਨੂੰ ਅਪੀਲ ਕਰਦੇ ਹਾਂ ਕਿ ਸੜਕ 'ਤੇ ਜਦੋਂ ਵੀ ਨਿਕਲੋ ਤਾਂ ਸਾਵਧਾਨ ਰਹੋ, ਸਪੀਡ ਨੂੰ ਕੰਟਰੋਲ ਵਿੱਚ ਰੱਖੋ ਅਤੇ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖੋ। ਚਾਰ ਪਰਿਵਾਰਾਂ ਦਾ ਦੁੱਖ ਅਸੀਂ ਸਾਂਝਾ ਕਰਦੇ ਹਾਂ। ਰੱਬ ਉਨ੍ਹਾਂ ਨੂੰ ਇਹ ਦੁੱਖ ਸਹਿਣ ਦੀ ਤਾਕਤ ਦੇਵੇ ਅਤੇ ਜ਼ਖਮੀ ਅੰਮ੍ਰਿਤ ਕੁਮਾਰ ਨੂੰ ਜਲਦੀ ਠੀਕ ਕਰੇ। ਇਹ ਹਾਦਸਾ ਸਾਡੇ ਲਈ ਇੱਕ ਵੱਡੀ ਸਿੱਖਿਆ ਹੈ।

**ਘਟਨਾ** ਕਾਰ ਸ਼ੋਅਰੂਮ ਦੇ ਬਾਹਰ ਦੋ ਅਣਪਛਾਤੇ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ।

# ਲੁਧਿਆਣਾ ਵਿੱਚ ਇੱਕ ਹੋਰ ਦਹਿਸ਼ਤ ਭਰੀ ਘਟਨਾ ਨੇ ਸ਼ਹਿਰ ਦੀ ਆਮ ਜ਼ਿੰਦਗੀ ਨੂੰ ਹਿਲਾ ਕੇ ਰੱਖ ਦਿੱਤਾ ਹੈ

ਲੁਧਿਆਣਾ ਵਿੱਚ ਅੱਜ, 10 ਜਨਵਰੀ 2026 ਨੂੰ ਇੱਕ ਹੋਰ ਦਹਿਸ਼ਤ ਭਰੀ ਘਟਨਾ ਨੇ ਸ਼ਹਿਰ ਦੀ ਆਮ ਜ਼ਿੰਦਗੀ ਨੂੰ ਹਿਲਾ ਕੇ ਰੱਖ ਦਿੱਤਾ ਹੈ। ਲੁਧਿਆਣਾ-ਫਿਰੋਜ਼ਪੁਰ ਮੇਨ ਰੋਡ ਤੇ ਸਥਿਤ ਰਾਇਲ ਲਿਮੋ ਨਾਂ ਦੇ ਲਗਜ਼ਰੀ ਕਾਰ ਸ਼ੋਅਰੂਮ ਦੇ ਬਾਹਰ ਦੋ ਅਣਪਛਾਤੇ ਹਮਲਾਵਰਾਂ ਨੇ ਮੋਟਰਸਾਈਕਲ ਤੇ ਸਵਾਰ ਹੋ ਕੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਇਸ ਗੋਲੀਬਾਰੀ ਵਿੱਚ ਲਗਭਗ 8 ਰਾਊਂਡ ਫਾਇਰ ਕੀਤੇ ਗਏ, ਜਿਸ ਨਾਲ ਸ਼ੋਅਰੂਮ ਵਿੱਚ ਖੜ੍ਹੀਆਂ ਉੱਚ ਕੀਮਤ ਵਾਲੀਆਂ ਲਗਜ਼ਰੀ ਕਾਰਾਂ ਜਿਵੇਂ ਰੇਂਜ ਰੋਵਰ ਅਤੇ ਮਰਸੀਡੀਜ਼ ਬੈਂਜ਼ ਦੇ ਅੱਗੇ ਵਾਲੇ ਸ਼ੀਸ਼ੇ ਟੁੱਟ ਗਏ ਅਤੇ ਮੁੱਖ ਦਰਵਾਜ਼ੇ ਨੂੰ ਵੀ ਨੁਕਸਾਨ ਪਹੁੰਚਿਆ।ਖੁਸ਼ਕਿਸਮਤੀ ਨਾਲ ਇਸ ਹਮਲੇ ਵਿੱਚ ਕਿਸੇ ਵੀ ਵਿਅਕਤੀ ਨੂੰ ਸੱਟ ਨਹੀਂ ਲੱਗੀ ਅਤੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਪਰ ਇਹ ਘਟਨਾ ਸ਼ੋਅਰੂਮ ਦੇ ਮਾਲਕ ਅਤੇ ਸਟਾਫ ਲਈ ਬਹੁਤ ਡਰਾਉਣ ਵਾਲੀ ਸੀ। ਹਮਲਾਵਰਾਂ ਨੇ ਗੋਲੀਆਂ ਚਲਾਉਣ ਤੋਂ ਬਾਅਦ ਤੁਰੰਤ ਮੌਕੇ ਤੋਂ ਫਰਾਰ ਹੋ ਗਏ, ਪਰ ਜਾਂਦੇ ਸਮੇਂ ਉਨ੍ਹਾਂ ਨੇ ਦੋ ਪਰਚੀਆਂ (ਸਲਿੱਪਾਂ) ਸੁੱਟ ਦਿੱਤੀਆਂ,




ਜਿਨ੍ਹਾਂ ਤੇ ਨਾਮ ਲਿਖੇ ਹੋਏ ਸਨ। ਇਹ ਪਰਚੀਆਂ ਇੱਕ ਖੁੱਲ੍ਹੀ ਧਮਕੀ ਵਜੋਂ ਵੇਖੀਆਂ ਜਾ ਰਹੀਆਂ ਹਨ, ਜਿਸ ਨਾਲ ਲੱਗਦਾ ਹੈ ਕਿ ਇਹ ਹਮਲਾ ਫਿਰੌਤੀ ਮੰਗਣ ਨਾਲ ਜੁੜਿਆ ਹੋ ਸਕਦਾ ਹੈ।ਰਾਇਲ ਲਿਮੋ ਸ਼ੋਅਰੂਮ ਲਗਜ਼ਰੀ ਕਾਰਾਂ ਨੂੰ ਕਿਰਾਏ ਤੇ ਦੇਣ ਦਾ ਕਾਰੋਬਾਰ ਕਰਦਾ ਹੈ

ਅਤੇ ਇਸ ਵਿੱਚ ਬਹੁਤ ਮਹਿੰਗੀਆਂ ਗੱਡੀਆਂ ਰੱਖੀਆਂ ਜਾਂਦੀਆਂ ਹਨ। ਇਸ ਖੇਤਰ ਵਿੱਚ ਨੇੜੇ ਹੀ ਆਈਟੀਬੀਪੀ ਕੈਂਪ ਵੀ ਹੈ ਅਤੇ ਘਟਨਾ ਮੁਲਜ਼ਾਂਪੁਰ ਨੇੜੇ ਬੱਦੋਵਾਲ ਇਲਾਕੇ ਵਿੱਚ ਵਾਪਰੀ। ਇਹ ਖੇਤਰ ਆਮ ਤੌਰ ਤੇ ਵਿਜ਼ੀ ਰਹਿੰਦਾ ਹੈ, ਪਰ ਅਜਿਹੇ ਹਮਲੇ ਨੇ ਲੋਕਾਂ ਵਿੱਚ ਦਹਿਸ਼ਤ ਫੈਲਾ ਦਿੱਤੀ ਹੈ।ਘਟਨਾ ਦੀ ਸੂਚਨਾ ਮਿਲਦੇ ਹੀ ਮੁਲਜ਼ਾਂਪੁਰ ਦਾਖਾ ਪੁਲਿਸ, ਸੀਨੀਅਰ ਅਧਿਕਾਰੀ ਅਤੇ ਫੋਰੈਂਸਿਕ ਟੀਮ ਮੌਕੇ ਤੇ ਪਹੁੰਚ ਗਈ। ਪੁਲਿਸ ਨੇ ਮੌਕੇ ਤੋਂ ਪਰਚੀਆਂ ਬਰਾਮਦ ਕੀਤੀਆਂ ਅਤੇ ਸ਼ੋਅਰੂਮ ਦੇ ਅੰਦਰ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਜ਼ਬਤ ਕਰ ਲਈ। ਡੀਐੱਸਪੀ ਨੇ ਦੱਸਿਆ ਕਿ ਸ਼ੋਅਰੂਮ ਮਾਲਕ ਨੇ ਅਜੇ ਤੱਕ ਕੋਈ ਫਿਰੌਤੀ ਕਾਲ ਪ੍ਰਾਪਤ ਨਹੀਂ ਕੀਤੀ, ਪਰ ਜਾਂਚ ਪੂਰੀ ਤਰ੍ਹਾਂ ਜਾਰੀ ਹੈ। ਹਮਲਾਵਰਾਂ ਦੀ ਪਛਾਣ ਸੀਸੀਟੀਵੀ ਫੁਟੇਜ ਰਾਹੀਂ ਕੀਤੀ ਜਾ ਰਹੀ ਹੈ ਅਤੇ ਇਹ ਵੀ ਜਾਂਚੀ ਜਾ ਰਹੀ ਹੈ ਕਿ ਕੀ ਇਹ ਘਟਨਾ ਫਿਰੌਤੀ ਨਾਲ ਸਬੰਧਤ ਹੈ ਜਾਂ ਕੋਈ ਹੋਰ ਰੰਜਿਸ਼ ਹੈ।

# (ਜਬਰਦਸਤ ਬਹਿਸ ਸਬਜ਼ੀਆਂ ਦੀ) ਜਾਂ (ਵਾਹਗਾ ਬਾਡਰ) ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋ



ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋ।ਨੋਟ-ਇਹ ਪੋਸਟ ਮੈ ਪਿੱਛਲੇ ਸਾਲ ਲਿਖੀ ਸੀ,ਪ੍ਰੰਤੂ ਮੌਜੂਦਾ ਸਮੇ ਵੀ ਢੁਕਵੀ ਹੈ।

ਭੈਣ ਗੋਭੀ ਏ,ਕੀ ਹਾਲ ਚਾਲ ਹੈ ਤੇਰਾ,ਹੁਣ ਤਾ ਮੈਨੂੰ ਤੇਰੀ ਹਾਲਤ ਤੇ ਬਹੁਤ ਤਰਸ ਆਉਂਦਾ ਹੈ,"ਨਾਲ ਬੈਠੇ ਆਲੂ ਨੇ ਟਿੱਚਰ ਕਰਦਿਆਂ ਅਤੇ ਵੱਖੀਆਂ ਵਿੱਚੋਂ ਦੀ ਹੱਸਦਿਆਂ ਆਖਿਆ।

ਬਕਵਾਸ ਬੰਦ ਕਰ ਆਲੂਆਂ,ਆਪਣੀ ਔਕਾਤ ਵਿੱਚ ਰਹਿ ਕੇ ਗੱਲ ਕਰ।ਜਾਤ ਦੀ ਕੋਹੜ ਕਿਰਲੀ ਸਤੀਰਾਂ ਨਾਲ ਜੱਫੇ। ਤੈਨੂੰ ਉਹ ਦਿਨ ਭੁੱਲ ਗਏ,ਜਦੋਂ ਦੁੱਖੀ ਹੋਏ ਕਿਸਾਨ ਤੈਨੂੰ ਸੜਕਾਂ ਤੇ ਸੁੱਟ ਕੇ ਆਪਣਾ ਰੋਸ਼ ਪ੍ਰਦਰਸ਼ਨ ਸਰਕਾਰ ਅੱਗੇ ਕਰਦੇ ਹੁੰਦੇ ਸੀ। ਲੋਕ ਤੈਨੂੰ ਸੜਕ ਕਿਨਾਰੇ ਢੇਰੀ ਕਰਕੇ ਖਾਲੀ ਬੋਰੀ ਲੈ ਜਾਂਦੇ ਸੀ। ਤੈਨੂੰ ਕੋਈ ਚਿਮਟੇ ਨਾਲ ਛੂਹਣ ਨੂੰ ਤਿਆਰ ਨਹੀ ਸੀ। ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ,ਉਤਰਾਅ-ਝੜਾਅ ਜਿੰਦਗੀ ਦਾ ਹਿੱਸਾ ਹੁੰਦੇ ਹਨ,"ਦੁੱਖੀ ਹੋਈ ਭਰੀ ਭੀਤੀ ਗੋਭੀ ਉਛਲ ਕੇ ਆਲੂ ਦੇ ਗਲ ਪੈ ਗਈ।

ਭੈਣ ਗੋਭੀ ਏ,ਮੈਨੂੰ ਨਹੀਂ ਸੀ ਪਤਾ,ਤੂੰ ਦੁੱਖਦੇ ਫੋੜੇ ਵਾਂਗ ਪਹਿਲਾ ਹੀ ਰਿੱਝ ਰਹੀ ਹੈ। ਲੈ ਸੁਣ ਲਏ ਆਪਣੀ ਕਰਤੂਤ,ਹੁਣ ਤੂੰ ਕੂੜੇ ਦੇ ਭਾਅ ਵਿਕ ਰਹੀ ਹੈ। ਮੰਡੀ ਵਿੱਚ ਦੋ ਰੁਪਏ ਕਿੱਲੋ ਤੇਰਾ ਮੁੱਲ ਨਹੀ ਲੱਗਦਾ। ਡੰਗਰ ਵੀ ਸਿੱਧੇ ਮੂੰਹ ਤੈਨੂੰ ਖਾਣ ਲਈ ਤਿਆਰ ਨਹੀਂ ਹਨ। ਬਹੁਤੀ ਆਕੜ ਵਾਲੀਏ,ਤੂੰ ਅਕਾਲੀਆ ਵਾਗ ਅਰਸਾਂ ਤੋ ਫਰਸ਼ਾ ਤੇ ਡਿੱਗੀ ਹੈ। ਡੇਰਿਆਂ ਵਾਲੇ ਬਾਬੇ ਵੀ ਤੈਨੂੰ ਮੁੱਫਤੋ-ਮੁੱਫਤ ਲੈਣ ਲਈ ਤਿਆਰ ਨਹੀਂ ਹਨ । ਭਾਵ ਖੇਤ ਖਾਲੀ ਕਰਨ ਲਈ ਕਿਸਾਨ ਟਰਾਲੀਆਂ ਭਰ-ਭਰ ਬਾਬਿਆਂ ਦੇ ਧਾਰਮਿਕ ਡੇਰਿਆਂ ਵਿੱਚ ਸੁੱਟ ਰਹੇ ਹਨ। ਅੱਗੋਂ ਡੇਰੇਦਾਰਾਂ ਵੀ ਹੱਥ ਖੜ੍ਹੇ ਕੀਤੇ ਹੋਏ ਹਨ। ਕਿਸਾਨ ਵਿਚਾਰਿਆਂ ਤੇਰੇ ਤੇ ਸੈਂਕੜੇ ਉਮੀਦਾਂ ਰੱਖੀਆਂ ਹੋਈਆਂ ਸਨ। ਤੂੰ ਖਸਮਾਂ ਨੂੰ ਖਾਣੀਏ ,ਸਭ ਕੁੱਝ ਕਿਸਾਨਾਂ ਦਾ ਤੂਫਾਨ ਦੀ ਤਰ੍ਹਾਂ ਰੋੜ ਦਿੱਤਾ ਹੈ।ਗਰੀਬ ਕਿਸਾਨਾਂ ਨਾਲ ਤੂੰ ਜੱਗੋ ਤੇਰਵੀ ਕਰ ਦਿੱਤੀ ਹੈ। ਕਿਸਾਨ ਵਿਚਾਰੇ ਖੇਤ ਦੇ ਸਿਰਹਾਣੇ ਬੈਠ ਕੇ ਤੇਰੀ ਜਾਨ ਨੂੰ ਰੋਂਦੇ ਹਨ। ਉਹਨਾਂ ਵਿਚਾਰਿਆਂ ਦੇ ਹਾਰਟ ਅਟੈਕ ਹੋ ਰਹੇ ਹਨ।ਹੁਣ ਆਤਮਹੱਤਿਆ ਕਰਨ ਤੋ ਬਗੈਰ ਕਿਸਾਨਾ ਕੋਲ ਕੋਈ ਚਾਰਾ ਨਹੀ ਰਿਹਾ।

ਤੂੰ ਉਹਨਾਂ ਦੀ ਨੀਂਦ ਹਰਾਮ ਕਰ ਦਿੱਤੀ ਹੈ।ਸੱਪ ਦੇ ਮੂੰਹ ਕੋਹੜ ਕਿਰਲੀ ਆਉਣ ਵਾਗ, ਨਾ ਤੈਨੂੰ ਮੰਡੀ ਸੁੱਟਣ ਨੂੰ ਜੀ ਕਰੇ ਨਾ ਤੈਨੂੰ ਖੇਤ ਵਿੱਚ ਵਾਹੁਣ ਨੂੰ ਜੀਅ ਕਰੇ। ਬਹੁਤ ਦੁੱਖੀ ਹੋਏ ਕਿਸਾਨ ਤੈਨੂੰ ਖੇਤਾਂ ਵਿੱਚ ਵਾਹ ਰਹੇ ਹਨ। ਕਦੇ ਤੂੰ ਸਹੇ ਵਾਹ ਤੇਜ ਦੌੜ ਕੇ ਅਸਮਾਨੇ ਚੜ ਜਾਂਦੀ ਹੈ ਕਦੇ ਕੱਛੂਕੁੰਮੇ ਵਾਗ ਤੁਰਦੀ ਹੈ। ਮੈ ਹਾਲੇ ਵੀ ਵੀਹ ਰੁਪਏ ਕਿੱਲੋ ਵਿਕ ਰਿਹਾ ਹਾਂ । ਤੀਹ ਰੁਪਏ ਮੇਰਾ ਸੈਟਰ ਐਕਸਲ ਬਣਿਆ ਰਹਿੰਦਾ ਹੈ। ਆਪ ਤਾ ਤੂੰ ਡੁੱਬੀ ਜਜਮਾਨ ਵੀ ਡੋਬੇ,ਭਾਵ ਤੇਰੀ ਬੇਕਦਰੀ ਦਾ ਕਰਕੇ ਮੈ ਤੀਹ ਤੋ ਥੱਲੇ ਵਿਕ ਰਿਹਾ ਹਾਂ,"ਆਲੂ ਨੇ ਇੱਕੋ ਸਾਹੇ ਗੋਭੀ ਦੇ ਪੋਤੜੇ ਫਰੋਲਦਿਆਂ ਆਪਣਾ ਬੁੱਗ-ਬਲਾਟ ਕੱਢ ਮਾਰਿਆਂ।

ਉਏ ਆਲੂਆਂ ਸ਼ਰਮ ਨੂੰ ਹੱਥ ਮਾਰ,ਜਦੋਂ ਤੇਰੀ ਬੇਕਦਰੀ ਹੁੰਦੀ ਹੈ। ਕਿਸਾਨ ਦੋ-ਦੋ ਮਹੀਨੇ ਤੈਨੂੰ ਲੇਟ ਪੁੱਟਦੇ ਹਨ। ਅੱਕ ਕੇ ਤੇਰੇ ਖੇਤਾਂ ਵਿੱਚ ਢੇਰ ਲਗਾ ਕੇ ਉਤੇ ਪਰਾਲੀ ਜਾਂ ਤਰਪਾਲ ਪਾ ਕੇ ਤੇਰਾ ਸਿਆਪਾ ਕਰਦੇ ਹਨ। ਮੰਡੀ ਵਿੱਚ ਤੂੰ ਲੇਬਰ ਅਤੇ ਕਿਰਾਏ ਦੇ ਪੈਸੇ ਪੂਰੇ ਨਹੀਂ ਕਰਦਾ। ਜਦੋਂ ਤੂੰ ਕੂੜੇ ਦੇ ਭਾਅ ਵਿਕਦਾ ਹੈ,ਫੇਰ ਤੈਨੂੰ ਮਹਿੰਗੇ ਸਟੋਰਾਂ ਵਿੱਚ ਜਮ੍ਹਾਂ ਕਰਵਾ ਕੇ,ਕਿਸਾਨ ਗਲੋਂ ਲਾਹਉਦੇ ਹਨ। ਜਿਵੇਂ ਸਿਆਣੇ ਕਹਿੰਦੇ ਹਨ, ਉਹਨੇ ਦੀ ਕੁੱਤੀ ਨਹੀਂ, ਜਿੰਨੇ ਦੇ ਮੰਡੇ ਖਾ ਗਈ।ਭਾਵ ਤੂੰ ਸਟੋਰਾਂ ਵਿੱਚ ਜਮ੍ਹਾਂ ਹੋ ਕੇ ਵੀ ਕਿਸਾਨ ਵਿਚਾਰਿਆਂ ਨੂੰ ਮਹਿੰਗਾ ਪੈ ਜਾਂਦਾ ਹੈ। ਬਹੁਤੀ ਵਾਰ ਕਿਸਾਨ ਸਟੋਰ ਮਾਲਕਾਂ ਨੂੰ ਮੁਫਤ ਵਿੱਚ ਛੱਡ ਆਉਂਦੇ ਹਨ। ਭੜੂਆ ਮੈ ਤੇ ਕਿਸਾਨਾਂ ਦੀ ਆਰਥਿਕ ਹਾਲਤ ਵਿੱਚ ਜਾਨ ਪਾ ਦਿੱਤੀ ਹੈ। ਮੈ ਕਿੱਲੇ ਵਿੱਚੋ ਦੋ ਲੱਖ ਦੀ,ਲਾਟਰੀ ਵਾਗ ਨਿਕਲਦੀ ਰਹੀ ਹਾਂ।ਤਿੰਨ ਮਹੀਨੇ ਪੰਜਾਹ ਰੁਪਏ ਕਿੱਲੋ ਦੇ ਹਿਸਾਬ ਨਾਲ ਮੰਡੀ ਵਿੱਚ ਵੇਚ ਕੇ,ਕਿਸਾਨ ਬਾਗੀਆਂ ਪਾਉਦੇ ਘਰਾਂ ਨੂੰ ਆਉਦੇ ਰਹੇ ਹਨ। ਉਹਨਾਂ ਦੇ ਮੁਰਝਾਏ ਚਿਹਰਿਆਂ ਤੇ ਮੁਸਕਰਾਹਟ ਲਿਆ ਕੇ ਮੈ ਵੀ ਲੁੱਡੀਆਂ ਮਾਰਦੀ ਰਹੀ ਹਾ। ਜੇ ਦਿਨ ਉਹ ਨਹੀਂ ਰਹੇ,ਦਿਨ ਇਹ ਵੀ ਨਹੀਂ ਰਹਿਣੇ। ਮੇਰਾ ਵੀ ਕਸੂਰ ਕੀ ਹੈ,ਕਿਸਾਨ ਰੀਸੋ-ਰੀਸੀ ਮੈਨੂੰ ਸਾਰੇ ਖੇਤਾਂ ਵਿੱਚ ਠੋਕ ਦਿੰਦੇ ਹਨ।

,"ਗੋਭੀ ਵੀ ਆਪਣੀ ਗੱਲ ਰੱਖਦੀ ਅਤੇ ਆਲੂ ਦੇ ਪੜ੍ਹੋਤੜੇ ਫਰੋਲਦੀ ਭਰੇ ਗੱਚ ਨਾਲ ਸਾਰੀ ਗੱਲ ਕਹਿ ਗਈ।

ਉਏ ਸ਼ਰਮ ਨੂੰ ਹੱਥ ਮਾਰੋ, ਕਿਉ ਕੁੱਕੜਾਂ ਵਾਗ ਲੜੀ ਜਾਂਦੇ ਹੋ। ਸਿਆਣੇ ਕਹਿੰਦੇ ਕੁੱਕੜ-ਖੇਹ ਉਡਾਈ,ਆਪਣੇ ਸਿਰ ਪਾਈ। ਭੜੂਓ ਆਪਣਾ ਝੱਗਾ ਚੁੱਕਿਆ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ। ਮੈ ਜੇਕਰ ਆਪਣੀ ਹਸਤੀ ਦੱਸਣ ਲੱਗ ਪਿਆ,ਤੁਹਾਨੂੰ ਭੱਜਦਿਆਂ ਨੂੰ ਰਾਹ ਨਹੀਂ ਲੱਭਣਾ,"ਨੇੜੇ ਪਿਆ ਪਿਆਜ ਆਲੂ ਗੋਭੀ ਨੂੰ ਚਿੜ੍ਹੋਦਾ ਅਤੇ ਆਪਣੀ ਬਹਾਦਰੀ ਦੱਸਣ ਦੇ ਇਰਾਦੇ ਨਾਲ ਕਹਿ ਗਿਆ।

ਤੇਰੀ ਕੀ ਹਸਤੀ ਤੇ ਬਹਾਦਰੀ ਹੈ?ਆਲੂ ਤੇ ਗੋਭੀ, ਨੂਤੀਸ ਕੁਮਾਰ ਅਤੇ ਲਾਲੂ ਪ੍ਰਸਾਦ ਯਾਦਵ ਵਾਗ ਆਪਣੀ ਲੜਾਈ ਸਮੇਟ ਕੇ ਇਕੱਠੇ ਬੋਲ ਪਏ।

ਉਏ ਮੇਰੇ ਕਰਕੇ ਕਈ ਵਾਰ ਸਰਕਾਰਾਂ ਡਿਗਦੀਆਂ ਰਹੀਆਂ ਹਨ ਅਤੇ ਨਵੀਆਂ ਸਰਕਾਰਾਂ ਬਣਦੀਆਂ ਰਹੀਆਂ ਹਨ। ਤੁਹਾਨੂੰ ਉਹ ਦਿਨ ਯਾਦ ਨਹੀਂ ਜਦੋਂ ਮੈ ਦੇਸ਼ ਵਾਸੀਆਂ ਦੀਆਂ ਅੱਖਾਂ ਵਿੱਚੋਂ ਅੱਥਰੂ ਕੱਢੇ ਸੀ। ਮੈ ਸੌ ਰੁਪਏ ਨੂੰ ਹੱਥ ਲਾ ਕੇ ਮੁੜਦਾ ਰਿਹਾ ਹਾ। ਲੀਡਰ ਲੋਕ ਮੇਰੇ ਨਾਮ ਤੇ ਆਪਣੀ ਸਿਆਸਤ ਚਮਕਾਉਦੇ ਰਹੇ ਹਨ। ਵਿਰੋਧੀ ਪਾਰਟੀ ਦੇ ਲੀਡਰ ਆਪਣੇ ਗਲ ਵਿੱਚ ਮੇਰੇ ਹਾਰ ਪਾ ਕੇ ਪਾਰਲੀਮੈਂਟ ਵਿੱਚ ਲੜਦੇ ਰਹੇ ਹਨ। ਇਹਥੇ ਹੀ ਬੱਸ ਨਹੀਂ,ਸੋਨੇ ਦੀ ਤਰ੍ਹਾਂ ਬੈਂਕਾਂ ਵਿੱਚ ਜਮ੍ਹਾਂ ਕਰਵਾਉਣ ਦਾ ਡਰਾਮਾ ਕਰਕੇ ਹਾਕਮ ਜਮਾਤ ਦੀਆਂ ਜੜ੍ਹਾਂ ਵਿੱਚ ਬਹਿੰਦੇ ਰਹੇ ਹਨ। ਪਿੰਡਾਂ ਵਿੱਚ ਗੱਲ ਇਸ ਤਰ੍ਹਾਂ ਵੀ ਵਾਪਰਦੀ ਰਹੀ ਸੀ। ਕੋਈ ਜਾਣਾ ਮੀਟ ਖ੍ਰੀਦ ਲੈਦਾ ਸੀ ਅਤੇ ਦੂਸਰਾ ਗੰਢੇ ਖ੍ਰੀਦ ਕੇ ਸਾਝਾ ਮੀਟ ਬਣਾਉਦੇ ਰਹੇ ਹਨ। ਫੇਰ ਕੀ ਹੋਇਆ ਮੈ ਚਾਰ ਪੰਜ ਸਾਲ ਤੋ ਵੱਡੀਆਂ ਛਾਲਾਂ ਨਹੀਂ ਮਾਰੀਆਂ,"ਪਿਆਜ ਵੀ ਆਪਣੀਆਂ ਮਾਰੀਆਂ ਮੱਲ੍ਹਾ ਤੇ ਮਾਣ ਕਰਦਾ ਤੇ ਆਲੂ-ਗੋਭੀ ਨੂੰ ਟਿੱਚ ਸਮਝਦਾ ਬੋਲਿਆ।

ਉਏ ਬਕਵਾਸ ਬੰਦ ਕਰੋ,ਮੈ ਆਪਣੇ ਬਾਰੇ ਬੋਲਣ ਤੋ ਬਗੈਰ ਹੀ ਜੱਗ ਜਾਹਰ ਹਾ। ਆਪਣੀ ਉਸਤਦ ਆਪੇ ਕਰਨੀ ਮੈਨੂੰ ਪਸੰਦ ਨਹੀਂ ਹੈ।ਹੀਰਾ ਤੇ ਰੂੜੀ ਤੇ ਪਿਆ ਵੀ ਚਮਕ ਰਿਹਾ ਹੁੰਦਾ ਹੈ। ਸਭ ਤੋਂ ਵੱਧ ਮੈਨੂੰ ਪਸੰਦ ਕੀਤਾ ਜਾਂਦਾ ਹੈ।ਮੈ ਜਬਜੀਆਂ ਦਾ ਬਾਦਸ਼ਾਹ ਮੰਨਿਆ ਜਾਦਾ ਹਾ। ਵਿਆਹ ਮੇਰੇ ਬਗੈਰ ਸਿਰੇ ਨਹੀਂ ਚੜ ਸਕਦੇ। ਇਸ ਸਾਲ ਮੇਰੀ ਤੂਤੀ ਬੋਲਦੀ ਰਹੀ ਹੈ। ਮੈ ਹੁਣ ਤੱਕ ਸੌ ਰੁਪਏ ਦੇ ਨੇੜੇ- ਤੇੜੇ ਵਿਕਦਾ ਰਿਹਾ ਹਾ। ਹਾਲੇ ਵੀ ਮੈ ਤੀਹ ਰੁਪਏ ਕਿੱਲੋ ਵਿਕ ਰਿਹਾ ਹਾਂ,"ਨੇੜੇ ਪਿਆ ਮਟਰ ਵੀ ਆਪਣੀ ਟੌਹਰ ਦੱਸਦਾ ਅਤੇ ਸਾਰਿਆਂ ਤੇ ਭਾਰੂ ਪੈਂਦਾ ਬੋਲਿਆ।

ਯਾਰ ਬੱਸ ਕਰੋ,ਕਿਉ ਸੰਢਿਆਂ ਵਾਗ ਸਿੰਗ ਫਸਾਈ ਫਸਾਈ ਫਿਰਦੇ ਹੋ। ਜੇਕਰ ਮੈ ਆਪਣੀ ਕਰਾਮਾਤ ਦੱਸਣ ਲੱਗ ਪਿਆ,ਫਿਰ ਤੁਹਾਡੀ ਕੋਈ ਵੀ ਔਕਾਤ,ਮੇਰੇ ਅੱਗੇ ਨਹੀਂ ਰਹਿਣੀ। ਤੁਸੀਂ ਤਾ ਇਸ ਤਰ੍ਹਾਂ ਇਕ ਦੂਜੇ ਦੇ ਪੋਤੜੇ ਫਰੋਲੀ ਜਾਂਦੇ ਹੋ ਜਿਵੇਂ ਚੋਣਾਂ ਵਿੱਚ ਲੀਡਰ ਇਕ ਦੂਜੇ ਦੇ ਪੋਤੜੇ ਫਿਰੋਲਦੇ ਹਨ। ਮੈ ਇਸ ਸਾਲ ਚਾਰ ਸੌ ਰੁਪਏ ਕਿੱਲੋ ਵਿਕਦਾ ਰਿਹਾ ਹਾ। ਭਾਵ ਪੁੜੀਆਂ ਵਿੱਚ ਵਿਕਦਾ ਰਿਹਾ ਹਾਂ । ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਰਿਹਾ ਹਾ। ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ। ਭਾਵ! ਉਸ ਦਿਨ ਤੁਹਾਨੂੰ ਵੇਖਾਗੇ, ਜਦੋਂ ਤੁਹਾਡੇ ਵਿੱਚੋਂ ਕੋਈ ਮੇਰੇ ਅੱਧ ਵਿੱਚ ਵੀ ਆ ਖਲੋਤਾ,"ਨੇੜੇ ਪਿਆ ਲਸਣ ਵੀ ਆਪਣੀ ਬਹਾਦਰੀ ਦੇ ਕਾਰਨਾਮੇ ਬੋਲਦਾ ਕਹਿ ਗਿਆ।

ਬੱਸ ਕਰੋ ਬਹੁਤੇ ਝਾਕੜੂਓ, ਇਹ ਸਭ ਨਿਕੰਮੀਆਂ ਸਰਕਾਰਾਂ ਦੀ ਦੇਣ ਹੈ।ਜਿਹੜੀਆਂ ਇਕ ਪਾਸੇ ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ ਵਿੱਚੋਂ ਕੱਢਣ ਲਈ ਸਬਜ਼ੀਆਂ ਵਲ ਉਤਸ਼ਾਹਿਤ ਕਰਦੀਆਂ ਹਨ। ਦੂਜੇ ਪਾਸੇ ਕਿਸਾਨ ਦੀ ਵਾਧੂ ਜਬਜੀ ਦੀ ਪੈਦਾਵਾਰ ਦਾ ਕੋਈ ਢੁੱਕਵਾਂ ਪਰਬੰਧ ਨਹੀਂ ਕਰਦੀਆਂ।ਕਿਸਾਨਾਂ ਨੂੰ ਆਪਣੇ ਹਾਲ ਤੇ ਹੀ ਛੱਡ ਦਿੰਦੀਆਂ ਹਨ। ਇਸੇ ਕਰਕੇ ਕਿਸਾਨ ਜਥੇਬੰਦੀਆਂ ਵੱਡੇ-ਵੱਡੇ ਲੰਮੇ ਮੋਰਚੇ ਲਾ ਕੇ ਸਾਰੀਆਂ ਫਸਲਾਂ ਤੇ ਐਮ,ਐਸ,ਪੀ ਦੀ ਗਰੰਟੀ ਮੰਗਦੀਆਂ ਹਨ। ਜੇਕਰ ਵਾਹਗਾ ਬਾਡਰ ਖੋਲਿਆ ਜਾਵੇ,ਪੰਜਾਬ ਦੀ ਗੋਭੀ ਵੀਹ ਰੁਪਏ ਕਿੱਲੋ ਤੋ ਕਦੇ ਵੀ ਨਾ ਡਿੱਗਦੀ। ਪ੍ਰੰਤੂ ਕੇਂਦਰ ਸਰਕਾਰ ਸਰਕਾਰ ਕਦੇ ਵੀ ਨਹੀ ਚਾਉਦੀ ਵਾਹਗਾ ਬਾਰਡਰ ਖੋਲ ਕੇ, ਪੰਜਾਬ ਦੇ ਕਿਸਾਨਾਂ ਨੂੰ ਭੁੱਖਮਰੀ ਵਿੱਚੋ ਕੱਢ ਕੇ ,ਖੁਸ਼ਹਾਲ ਕੀਤਾ ਜਾਵੇ। ਉਹ ਪਾਕਿਸਤਾਨ ਨਾਲ, ਕਾਰਪੋਰੇਟਾਂ ਦੀ ਸਹੂਲਤ ਲਈ, ਬੰਬੇ ਬੰਦਰਗਾਹ ਵਿੱਚੋ ਦੀ ਵਿਪਾਰ ਕਰਦੀ ਹੈ।

ਉਹ ਦਿਨ ਮਹਾਨ ਹੋਵੇਗਾ ਜਦੋਂ ਵਾਹਗਾ ਬਾਡਰ ਖੁੱਲ ਜਾਵੇਗਾ,ਫੇਰ ਪੰਜਾਬ ਦੇ ਕਿਸਾਨ ਆਪਣੀਆ ਜਬਜੀਆਂ ਟਰਾਲੀਆਂ ਭਰ-ਭਰ ਪਾਕਿਸਤਾਨ ਅਤੇ ਅਫਗਾਨਿਸਤਾਨ ਦੀਆ ਸਾਰੀਆ ਮੰਡੀਆਂ ਵਿੱਚ ਵੇਚ ਕੇ ਬੋਲੀਆਂ ਪਾਉਂਦੇ ਘਰਾਂ ਆਇਆ ਕਰਨਗੇ

"ਨੇੜੇ ਖੜਾ ਲੇਖਕ ਸਾਰੀਆਂ ਧਿਰਾਂ ਨੂੰ ਚੁੱਪ ਕਰਵਾਉਂਦਾ ਅਤੇ ਬਿਮਾਰੀ ਦੀ ਤਹਿ ਤੱਕ ਜਾਂਦਾ ਬੋਲਿਆ।

ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ। 9530579175

## ਪੁਰਾਣੀ ਲੋਹੜੀ (ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋ)



ਬੀਬੀਆਂ ਕੱਚੇ ਕੋਠਿਆ ਨੂੰ ਲੈਂਦੀਆਂ ਸੀ ਸਿੰਗਾਰ,
ਪੋਚੇ ਨਾਲ ਕੱਚੇ ਚੁੱਲੇ-ਚੌਕੇ ਲੈਂਦੀਆਂ ਸੀ ਸੁਵਾਰ।
ਕਈ ਦਿਨ ਪਹਿਲਾ ਭੱਠੀਆਂ ਤੇ ਭੁੱਜਦੇ ਸੀ,
ਲੋਹੜੀ ਵੰਡਣ ਲਈ ਲਾਲ ਮੱਕੀ ਦੇ ਦਾਣੇ,
ਖਿੜ-ਖਿੜ ਫੁੱਲੇ ਕੜਾਹੀ ਵਿੱਚੋ ਬਾਹਰ ਜਾਦੇ,
ਭੱਠੀ ਵਾਲੀ ਛਾਨਣੀ ਨਾਲ ਰੱਖਦੀ ਸੀ ਟਿਕਾਣੇ,
ਲੋਹੜੀ ਮੰਗਣ ਦਾ ਰਿਵਾਜ ਹੋ ਗਿਆ ਪੁਰਾਣਾ,
ਨਵੀ ਪੀਹੜੀ ਨੂੰ ਨਹੀ ਆਉਦਾ ਕੋਈ ਗਾਣਾ।
ਲੋਹੜੀ ਮੰਗ ਦੀਆ ਸੀ ਕੁੜੀਆਂ ਦੀਆ ਟੋਲੀਆਂ,
ਪਾਉਦੀਆਂ ਸੀ ਦੁੱਲੇ-ਭੱਟੀ ਦੀਆ ਬੋਲੀਆਂ।
ਲੋਹੜੀ ਮੰਗਣ ਜਾਦੇ ਸੀ ਮੁੰਡਿਆਂ ਦੇ ਟੋਲੇ,
ਮਿਲਦੇ ਸੀ ਗੁੜ ਅਤੇ ਫੁੱਲੇ ਅਣਤੋਲੇ।
ਮੂੰਗਫਲੀ ਤੇ ਪੈਸਿਆ ਦਾ ਨਹੀ ਸੀ ਰਿਵਾਜ,
ਸੁੰਦਰੀ-ਮੁੰਦਰੀ ਦੇ ਗੀਤ ਗਾਉਂਦੀਆਂ ਬਿਨਾ ਸਾਜ।
ਜਿਮੀਂਦਾਰ ਗਰੀਬਾਂ ਨੂੰ ਰੌਹ ਮੁੱਫਤ ਸੀ ਵੰਡਦੇ,
ਰਲ-ਮਿਲ ਕੇ ਗੁੜ ਖਾਦੇ ਸੀ ਵਿੱਚੋ ਗੰਡਦੇ।
ਰਾਤ ਨੂੰ ਬਣਾਉਦੇ ਕੁੱਕੜ,ਬੱਕਰੇ ਦਾ ਮਾਸ,
ਖੁਸ਼ੀਆ ਮਨਾਉਂਦੇ ਬੈਠ ਕੇ ਇਕ ਦੂਜੇ ਪਾਸ।
ਰਾਤ ਨੂੰ ਦਾਰੂ ਚੱਲਦੀ ਸੀ,ਘਰ ਦੀ ਕੱਢੀ,
ਦਾਰੂ ਨਾਲ ਚੱਬ ਜਾਂਦੇ ਸੀ ਕੁੱਕੜ ਦੀ ਹੱਡੀ।
ਖੁਸ਼ੀਆ ਵਾਲੇ ਘਰ ਭੁੱਗਾ ਸੀ ਮਚਾਉਦੇ,
ਈਸਰ ਆ,ਦਲਿੱਦਰ ਜਾਹ,ਗੀਤ ਗਾਉਂਦੇ
ਸੁਖਵਿੰਦਰ ਸਿੰਘ ਖਾਰੇ ਵਾਲੇ,
ਪੁਰਾਣੇ ਰੀਤੀ-ਰਿਵਾਜਾਂ ਨੂੰ ਕੀਤਾ ਹੈ ਯਾਦ,
ਨਾ ਨਫਰਤ ਹੁੰਦੀ ਸੀ,ਨਾ ਹੁੰਦੇ ਸੀ ਫਸਾਦ

## "ਲੋਹੜੀ ਕੁੜੀਆਂ ਦੀ ਮਨਾਈਏ""ਸਾਰੇ ਕੁੜੀਆਂ ਨੂੰ ਅਪਣਾਈਏ""ਮੁੰਡੇ ਕੁੜੀ ਚ ਫਰਕ ਨਾ ਪਾਈਏ"



ਕੁੜੀਆਂ ਦੀ ਲੋਹੜੀ ਮਨਾਈਏ, ਆਜੋ ਨਵੀਆਂ ਰੀਤਾਂ ਪਾਈਏ।
ਸਾਰੇ ਲੋਕਾਂ ਨੂੰ ਸਮਝਾਈਏ, ਕਦੇ ਵੀ ਚਿੱਤ ਡੁਲਾਇਓ ਨਾ,
ਮੁੰਡਾ ਕੁੜੀ ਹੈ ਇੱਕ ਬਰਾਬਰ,ਇਹ ਗੱਲ ਦਿਲੋਂ ਭੁਲਾਇਓ ਨਾਂ,,,,
ਇਨਾਂ ਹਰ ਥਾਂ ਮੱਲਾਂ ਮਾਰੀਆਂ, ਨਾਲੇ ਅੰਬਰੀਂ ਲਾਈਆਂ ਉਡਾਰੀਆਂ।
ਹੈ ਇਨਾਂ ਤੋਂ ਆਸਾਂ ਭਾਰੀਆਂ, ਭਾਰਤ ਦੇਸ਼ ਮਹਾਨ ਨੂੰ,
ਚਾਹੀਦੀ ਕਦਰ ਹੈ ਕਰਨੀ,ਇਨਾਂ ਦੀ ਹਰ ਇਨਸਾਨ ਨੂੰ,,,,,
ਕਦੇ ਰਾਣੀ ਝਾਂਸੀ ਬਣੀਆਂ, ਜਾ ਕੇ ਵਿੱਚ ਜੰਗ ਦੇ ਲੜੀਆਂ।
ਝੱਲੀਆਂ ਨਹੀਂ ਸੀ ਬਿਲਕੁਲ ਤੜੀਆਂ, ਛੱਕੇ ਛੁਡਾਏ ਦੁਸ਼ਮਣ ਦੇ,
ਪਾਣੀ ਫਿਰ ਸੀ ਪੀਤਾ ਝੁੰਡ ,ਮੁਕਾ ਕੇ ਦੁਸ਼ਮਣ ਦੇ,,,,
ਮਾਤਾ ਭਾਗ ਕੌਰ ਸੀ ਸ਼ੀਹਣੀ, ਮੈਨੂੰ ਜਾਣੇ ਨਾ ਕੋਈ ਹੀਣੀ।
ਕਹਿੰਦੀ ਰੱਤ ਵੈਰੀ ਦੀ ਪੀਣੀ, ਮੈਂ ਜਾ ਕੇ ਵਿੱਚ ਮੈਦਾਨ ਦੇ,
ਝੰਡੇ ਝੁੱਲਦੇ ਰਹਿਣਗੇ ਯੁੱਗਾਂ ਤੀਕ,ਇਨਾਂ ਦੀ ਸ਼ਾਨ ਦੇ,,,,
ਇੱਕ ਸੀ ਕਲਪਨਾ ਦੇਸ਼ ਦੀ ਜਾਈ, ਜੀਹਨੇ ਅੰਬਰੀਂ ਉਡਾਰੀ ਲਾਈ।
ਖਾਤਰ ਦੇਸ਼ ਸ਼ਹੀਦੀ ਪਾਈ, ਨਾਮ ਕਮਾ ਗਈ ਦੁਨੀਆਂ ਤੇ,
ਰਹਿੰਦੀ ਦੁਨੀਆਂ ਤੀਕ ਨੀ ਭੁੱਲਣੀ ,ਐਸੀ ਛਾਅ ਗਈ ਦੁਨੀਆਂ ਤੇ,,,,
ਸਿਆਸਤ ਵਿੱਚ ਵੀ ਨਾਮ ਕਮਾਇਆ, ਝੰਡਾ ਉੱਚਾ ਕਰ ਦਿਖਲਾਇਆ।
ਬਾਹਰਲੇ ਮੁਲਕਾਂ ਵਿੱਚ ਝੁਲਾਇਆ, ਭਾਰਤ ਦੀਆਂ ਧੀਆਂ ਨੇ,
ਸਾਰੀ ਦੁਨੀਆਂ ਸਿੱਕਾ ਮੰਨਦੀ,ਐਸੀਆਂ ਪਾਈਆਂ ਲੀਹਾਂ ਨੇ,,,,
ਐਵੇਂ ਭੁੱਲੀ ਫਿਰੇ ਲੁਕਾਈ, ਪਾਈ ਜਾਂਦੀ ਹਾਲ ਦੁਹਾਈ।
ਮੁੰਡੇ ਕੁੜੀ ਚ ਫ਼ਰਕ ਨਾ ਕਾਈ, ਇਨਾਂ ਨੂੰ ਕੁੱਖ ਚ ਮਾਰੋ ਨਾ,
ਦਿਓ ਹੱਕ ਜਿਓਣ ਦਾ ਪੂਰਾ, ਐਡਾ ਕਹਿਰ ਗੁਜ਼ਾਰੋ ਨਾ,,,,,
ਚੰਦ ਕੁ ਐਹੋ ਜਿਹੇ ਇਨਸਾਨ, ਜਿਹੜੇ ਬਣ ਬੈਠੇ ਹੈਵਾਨ।
ਵੱਖਰੀ ਬਣੌਂਦੇ ਨੇ ਪਹਿਚਾਣ, ਜੋ ਇਨ੍ਹਾਂ ਤੇ ਕਹਿਰ ਕਮਾਉਂਦੇ ਨੇ,
ਪਤਾ ਨੀ ਦਰਿੰਦਗੀ ਦੇ ਕੰਮ ਕਰਕੇ,ਕਿਹੜਾ ਰੁਤਬਾ ਪਾਉਂਦੇ ਨੇ?,,,,
ਲਿਖਦਾ ਦੱਦਾਹੂਰੀਆ ਸ਼ਰਮਾਂ, ਕਿਤੇ ਰਹਿ ਨਾ ਜਾਇਓ ਵਿੱਚ ਭਰਮਾਂ।
ਲੇਖਾ ਪੈਣਾ ਸੱਭ ਨੂੰ ਭਰਨਾ, ਚੰਗਿਆਂ ਮੰਦਿਆਂ ਕਰਮਾਂ ਦਾ,
ਹੋਣੇ ਅਮਲਾਂ ਨਾਲ ਨਬੇੜੇ,ਜੋਰ ਨੀ ਚੱਲਣਾ ਧਰਮਾਂ ਦਾ,,,,

ਸਟੇਟ ਐਵਾਰਡੀ ਲੇਖਕ
ਜਸਵੀਰ ਸ਼ਰਮਾ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

ਅਦਾਰਾ ਸੀ7 ਨਿਊਜ਼ ਵਿੱਚ ਲੇਖਕਾਂ ਵੱਲੋਂ ਛਪਵਾਈਆਂ ਜਾਂਦੀਆਂ ਕਹਾਣੀਆਂ,ਕਵਿਤਾਵਾਂ,ਲੇਖ,ਗੀਤ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਹਨਾਂ ਨਾਲ ਅਦਾਰਾ ਸੀ7 ਨਿਊਜ਼ ਦੇ ਅਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

**ਅਦਾਰਾ ਸੀ7 ਨਿਊਜ਼ ਵਿੱਚ ਵੱਖ ਵੱਖ ਸਟੇਸ਼ਨਾਂ ਤੋਂ ਪੱਤਰਕਾਰਾਂ ਦੀ ਜਰੂਰਤ ਹੈ।ਪੱਤਰਕਾਰ ਬਨਣ ਲਈ ਅਦਾਰਾ ਸੀ7 ਨਿਊਜ਼ ਦੇ ਅਡੀਟਰ ਨਾਲ ਸੰਪਰਕ ਕਰੋ। ਮੋਬਾਇਲ ਨੰਬਰ 091 9463661542**

## ਸੋਸ਼ਲ ਮੀਡੀਏ ਤੇ ਸਾਡੀ ਅਜ਼ਾਦੀ ਦੇ ਨਾਲ ਜਵਾਬਦੇਹੀ ਵੀ ਜਰੂਰੀ ਹੈ,



ਸੋਸ਼ਲ ਮੀਡੀਏ ਤੇ ਸਾਡੀ ਅਜ਼ਾਦੀ ਦੇ ਨਾਲ ਜਵਾਬਦੇਹੀ ਵੀ ਜਰੂਰੀ ਹੈ, ਠੀਕ ਹੈ ਕਿ ਸਾਨੂੰ ਆਪਣੀ ਗੱਲ ਕਹਿਣ ਦੀ ਅਜ਼ਾਦੀ ਹੋਣੀ ਚਾਹੀਦੀ ਹੈ, ਪਰ ਇਸ ਅਜ਼ਾਦੀ ਦੇ ਨਾਲ ਸਾਡੀ ਜਿੰਮੇਵਾਰੀ ਵੀ ਬਣਦੀ ਹੈ, ਮੈਂ ਤਾਂ ਚਾਹੁੰਦਾ ਹਾਂ ਕਿ ਹਰ ਇੱਕ ਤਰਾਂ ਦੀ ਐਪ (ਫੇਸਬੁੱਕ, ਵਅਟਸਪ, ਇੰਸਟਾਗ੍ਰਾਮ ਆਦਿ) ਤੇ ਆਇਡੀ ਬਣਾਉਣ ਸਮੇਂ ਸਬੰਧਤ ਥਾਣੇ ਵਿੱਚ ਆਪਣੇ ਆਪ ਹੀ ਜਾਂਚ ਹੋਣ ਦੀ ਆਪਸ਼ਨ ਹੋਵੇ, ਜੇ ਕੋਈ ਕਿਸੇ ਵੀ ਤਰਾਂ ਦੀ ਪੋਸਟ ਪਾਵੇ ਉਹ ਉਸ ਲਈ ਜਵਾਬਦੇਹ ਹੋਵੇ, ਉਸ ਪੋਸਟ ਨੂੰ ਸ਼ੇਅਰ, ਲਾਇਕ ਕਰਨ ਵਾਲੇ, ਉਸ ਦੇ ਪੱਖ ਜਾਂ ਵਿਰੋਧ ਵਿੱਚ ਟਿੱਪਣੀਆਂ ਕਰਨ ਵਾਲਿਆਂ ਨੂੰ ਵੀ ਪੋਸਟ ਦੇ ਪੱਖੀ ਜਾਂ ਵਿਰੋਧੀ ਦੇ ਤੌਰ ਤੇ ਨਾਲ ਸ਼ਾਮਲ ਕੀਤਾ ਜਾਵੇ, ਕਿਉਂਕਿ ਹਰ ਕਿਸੇ ਦੀ ਇੱਜ਼ਤ ਹੁੰਦੀ ਹੈ, ਕਿਸੇ ਨੂੰ ਵੀ ਕਿਸੇ ਵਿਰੁੱਧ ਕੁੱਝ ਵੀ ਗਲਤ ਭਾਸ਼ਾ ਵਿੱਚ ਨਹੀਂ ਲਿਖਣਾ ਚਾਹੀਦਾ, ਜੇ ਕਿਸੇ ਦਾ ਵਿਰੋਧ ਵੀ ਕਰਨਾ ਹੋਵੇ ਤਾਂ ਸੱਭਿਅਕ ਭਾਸ਼ਾ ਦੀ ਵਰਤੋਂ ਹੋਣੀ ਚਾਹੀਦੀ ਹੈ, ਕਿਸੇ ਦੀਆਂ ਫੋਟੋਆਂ ਵੀਡੀਓਆਂ ਐਡਿਟ ਕਰਕੇ ਪਾਉਣੀਆਂ, ਜਾਂ ਨਕਲੀ ਬਣਾ ਕੇ ਪਾਉਣੀਆਂ, ਝੂਠੀਆਂ ਅਫਵਾਹਾਂ ਫੈਲਾਉਣੀਆਂ ਜਾਂ ਕਿਸੇ ਨੂੰ ਗਾਲਾਂ ਕੱਢਣੀਆਂ ਇਹ ਵੀ ਜੁਰਮ ਹੈ, ਅਜਿਹਾ ਜੁਰਮ ਕਰਨ ਵਾਲੇ ਦੋਸ਼ੀਆਂ ਤੇ ਕਾਰਵਾਈ ਜਰੂਰ ਹੋਣੀ ਚਾਹੀਦੀ ਹੈ, ਤਾਂ ਕਿ ਕੋਈ ਐਵੇਂ ਹੀ ਕਿਸੇ ਦੀ ਇੱਜ਼ਤ ਨਾਲ ਖਿਲਵਾੜ ਨਾ ਕਰ ਸਕੇ, ਅਸੀਂ ਖੁਦ ਵੀ ਸਮਝਦਾਰ ਨਾਗਰਿਕ ਬਣੀਏ, ਟਾਈਮਪਾਸ ਜਾਂ ਵਿਊ ਲੈਣ ਲਈ ਹੀ ਬਿਨਾ ਵੇਖੇ ਪਰਖੇ ਸ਼ੋਸਲ ਮੀਡੀਏ ਤੇ ਗੰਦਾ ਕੂੜਾ ਨਾ ਖਿੰਡਾਈਏ , ਜੋ ਗੱਲ ਜਨਤਕ ਤੌਰ ਤੇ ਸ਼ੋਸਲ ਮੀਡੀਏ ਤੇ ਸ਼ੇਅਰ ਕਰੀਏ ਉਸ ਦੀ ਜਿੰਮੇਵਾਰੀ ਵੀ ਆਪਣੇ ਸਿਰ ਲਈਏ, ਉਸ ਦੇ ਚੰਗੇ ਮਾੜੇ ਨਤੀਜੇ ਭੁਗਤਣ ਲਈ ਵੀ ਤਿਆਰ ਰਹੀਏ, ਜੇ ਅਸੀਂ ਅਜ਼ਾਦੀ ਦੇ ਨਾਲ-ਨਾਲ ਜਵਾਬਦੇਹ ਵੀ ਬਣਾਗੇ ਤਾਂ ਹੀ ਚੰਗਾ ਸਮਾਜ ਸਿਰਜ ਸਕਾਂਗੇ ਅਤੇ ਸਾਡੀ ਕਹੀ ਗੱਲ ਦਾ ਅਸਰ ਵੀ ਵਧੇਰੇ ਹੋਵੇਗਾ। ਹਰਲਾਜ ਸਿੰਘ ਬਹਾਦਰਪੁਰ,

## ਰਿਸ਼ਤਾ ਜਿਉਂਦੇ ਰੱਖਣ ਲਈ ਬੱਸ ਮੁਹੱਬਤ ਕਾਫ਼ੀ ਨਹੀਂ - ਮਨਦੀਪ ਕੌਰ ਟਾਂਗਰਾ




ਰਿਸ਼ਤਾ ਜਿਊਂਦੇ ਰੱਖਣ ਲਈ ਬੱਸ ਮੁਹੱਬਤ ਕਾਫ਼ੀ ਨਹੀਂ,
ਇੱਜ਼ਤ ਸੱਚਾਈ ਸਤਿਕਾਰ
ਮੁਹੱਬਤ ਤੋਂ ਵੱਧ ਮਾਇਨੇ ਰੱਖਦੇ ਹਨ।
ਇੰਝ ਮੁਹੱਬਤ ਨਹੀਂ ਹੋ ਸਕਦੀ
ਜਿਸ ਵਿੱਚ ਝੂਠ ਦੀਆਂ ਤਾਰਾਂ ਹੋਣ..
ਜ਼ੋਰ ਨਾਲ ਤੇ ਖਿੱਝ ਕੇ ਬੋਲਣ ਨਾਲ ਕੋਈ ਸੱਚਾ ਨਹੀਂ ਹੋ ਜਾਂਦਾ।
ਉਹ ਮੁਹੱਬਤ ਨਹੀਂ
ਜਿੱਥੇ ਅਗਲਾ ਤੁਹਾਡਾ ਗੁੱਸਾ ਬਰਦਾਸ਼ ਕਰਨ ਵਾਲੀ ਮਸ਼ੀਨ ਹੋਵੇ..
ਜਿਸ ਨਾਲ ਸ਼ਾਤਰ ਦਿਮਾਗ਼ ਨਾਲ ਤੁਸੀਂ ਖੇਡ ਸਕੋ..
ਤੇ ਸਤਿਕਾਰ ਦੇ ਨਾਮ ਤੇ ਨਾਟਕੀ ਅੰਦਾਜ਼.. ।
ਸੱਚ ਮਹਿਸੂਸ ਕਰਨ ਦੀ ਤਾਕਤ ਰੱਬ ਨੇ ਹਰ ਇਨਸਾਨ ਨੂੰ ਦਿੱਤੀ ਹੈ..
ਸੱਚ ਹੈ ਤੇ ਮਹਿਸੂਸ ਹੋਵੇਗਾ ਨਹੀਂ ਹੈ
ਤੇ ਨਹੀਂ ਮਹਿਸੂਸ ਹੋਵੇਗਾ।
ਉਹ ਗੱਲ ਵੱਖ ਹੈ..
ਕਹਿਣ
ਬੋਲਣ
ਸੁਣਨ ਦੀ ਅਣਖ ਹੁਣ ਟਾਂਵੀਂ ਹੈ।
- ਮਨਦੀਪ ਕੌਰ ਟਾਂਗਰਾ

## ਮੇਰਾ ਵੈਰੀ ਮੇਰਾ ਹੀ ਹਮਸਾਇਆ ਹੈ, ਮੇਰੇ ਲਈ ਹੁਣ ਤੇਰਾ ਸ਼ਹਿਰ ਪਰਾਇਆ ਹੈ।



ਮੇਰਾ ਵੈਰੀ ਮੇਰਾ ਹੀ ਹਮਸਾਇਆ ਹੈ।
ਮੇਰੇ ਲਈ ਹੁਣ ਤੇਰਾ ਸ਼ਹਿਰ ਪਰਾਇਆ ਹੈ।
ਤੈਨੂੰ ਦੱਸ ਉਲਾਂਭਾ ਕਿੱਦਾਂ ਦੇ ਦੇਵਾਂ,
ਕੁਦਰਤ ਨੇ ਹੀ ਐਸਾ ਖੇਡ ਰਚਾਇਆ ਹੈ।
ਹੰਝੂ,ਹਉਕੇ,ਸਿਸਕੀਆਂ ਮੇਰੇ ਪੱਲੇ ਜੋ,
ਮੇਰੇ ਲਈ ਤਾਂ ਮੇਰਾ ਇਹ ਸਰਮਾਇਆ ਹੈ।
ਮੁਸ਼ਕਿਲ ਵੇਲੇ ਵੀ ਮੈਂ ਹਿੰਮਤ ਹਾਰੀ ਨਾ,
ਹਰ ਮੁਸ਼ਕਿਲ ਨੂੰ ਹੱਸਕੇ ਸੀਨੇ ਲਾਇਆ ਹੈ।
ਮੇਰਾ ਦਿਲ ਹੁਣ ਮੇਰੀ ਗੱਲ ਵੀ ਮੰਨਦਾ ਨਹੀਂ,
ਮੈਂ ਤਾਂ ਕਈ ਵਾਰੀ ਇਸਨੂੰ ਸਮਝਾਇਆ ਹੈ|
ਸਾਰੇ ਸੁੱਖ ਮੈਂ ਤੇਰੀ ਝੋਲ਼ੀ ਪਾ ਦਿੱਤੇ,
ਦੁੱਖਾਂ ਨੂੰ ਮੈਂ ਆਪਣੀ ਝੋਲ਼ੀ ਪਾਇਆ ਹੈ।
ਮੇਰੇ ਲਈ ਤਾਂ ਉਹੀ ਵਕਤ ਸੁਨਹਿਰੀ ਸੀ,
ਜਿਹੜਾ ਵੀ ਮੈਂ ਤੇਰੇ ਸੰਗ ਲੰਘਾਇਆ ਹੈ।

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਫੋਨ:+13604481989

## ਜੇ ਨੀਵੇਂ ਰਹਿ ਕੇ ਸਰਦਾ,ਸੁਨਾਮੀ ਦਾ ਕੀ ਕੰਮ ਸੀ,



ਜੇ ਨੀਵੇਂ ਰਹਿ ਕੇ ਸਰਦਾ,ਸੁਨਾਮੀ ਦਾ
ਕੀ ਕੰਮ ਸੀ,ਮਰਦ ਪ੍ਰਧਾਨ ਮੰਨੇ ਗਏ
ਇਸ ਸਮਾਜ ਵਿੱਚ ਜਨਾਨੀ ਦਾ ਕੀ
ਕੰਮ ਸੀ ?
ਦੇਗਾ ਵਿੱਚ ਰਿੱਜੇ,ਚੜ੍ਹਖੜੀਆਂ ਤੇ
ਚੜ੍ਹੇ,ਬੰਦ-ਬੰਦ ਕਟਵਾ ਗਏ,ਉੱਤੋਂ
ਸ਼ੀਸ ਭੇਟ ਕਰਨ ਦੇ ਵਾਬਜੂਦ
ਸ਼ਹਾਦਤੇਂ ਲਾਸਾਨੀ ਦਾ ਕੀ ਕੰਮ ਸੀ ?
ਮੁਸ਼ਕਿਲਾਂ ਨਾਲ ਜੂਝ ਤਾ ਉੱਮਰ ਥੱਕਦਾ
ਇਨਸਾਨ ਪਰ,ਕੁੱਝ ਦੇਰ ਲਈ
ਉਸ ਵਾਸਤੇ ਬਣੀ ਐ ਜੋ ਰਾਹਤ ਭਰਭੂਰ
ਅਸਾਨੀ ਦਾ ਕੀ ਕੰਮ ਸੀ ?
ਰਣਜੀਤ ਕਦੇ ਅਜਾਦ ਮੇਰਾ ਦੇਸ਼
ਚੰਗਾ ਭਲਾ ਰਿਹਾ ਘੁੱਗ ਵੱਸਦਾ,
ਫੇਰ ਕੀ ਤੁਸੀਂ ਕਦੇ ਸੋਚਿਆ
ਅਚਨਚੇਤ
ਮਿਲੀ ਉਸ ਗੁਲਾਮੀ ਦਾ ਕੀ ਕੰਮ ਸੀ ?
..........................

ਤੁਸੀਂ ਸਭ ਜਾਣਦੇ ਹੋ ਕਿ ਇਸ ਦੁਨੀਆਂ ਤੇ ਜਨਾਨੀ ਦਾ ਆਪਣਾ ਰੁਤਵਾ ਤੇ ਮਰਦ ਦਾ ਆਪਣਾ ਰੋਲ,ਜਿਸਦੇ ਸੁਮੇਲ ਨਾਲ ਇਹ ਖੂਬਸੂਰਤ ਸਮਾਜ ਲੰਮੇਰੇ ਸਮੇਂ ਤੋਂ ਨਿਰੰਤਰ ਇੱਕ ਸਾਰ ਚਲ ਰਿਹੈ ! ਅਕਾਲ-ਪੁਰਖ ਨੇ ਹਰ ਸ਼ੈਅ ਤਈਂ ਜੋੜਿਆਂ ਚ ਵੰਡ ਕੇ ਸ੍ਰਿਸ਼ਟੀ ਨੂੰ ਚਲਾਇਆ ਜਿਵੇਂ ਕੁੱਝ ਮਾਨਵ ਵਿਰਤੀਏ ਤੇ ਕੁੱਝ ਦਾਨਵ ਰੂਪ ਚ ਆਪੋ ਆਪਣਾ ਦਾਇਤਵ ਭਲੀ ਭਾਂਤ ਨਿਭਾ ਰਹੇ ਹਨ, ਬੇਸ਼ਕ ਦੋਨੋਂ ਪਾਸੇ ਵਰਤਦਾ ਉਹ ਖੁਦ ਹੈ ਪਰ ਖੇਲ ਨੂੰ ਰੋਚਕ ਬਣਾਈ ਰੱਖਣ ਲਈ ਰਹਿ-ਰਹਿ ਸਮਝ ਤੋਂ ਪਰੇ ਅਜੀਬ ਵਰਤਾਰੇ ਵਰਤਿਆ ਕਰਦੇ ਹਨ ਤੇ ਰਹਿਣਗੇ,ਸੋ ਹਮੇਸ਼ਾ ਇਸ ਜੀਵਨ ਨੂੰ ਉਸ ਦੀ ਮੌਜ ਸਮਝ ਕੇ ਖੁਸ਼ ਰਹਿ ਅੱਗੇ ਵੱਧਣ ਦਾ ਯਤਨ ਕਰਦੇ ਰਹੋ !
ਲੇਖਕ : ਰਣਜੀਤ ਕੌਰ ਟੋਰਾਂਟੋ।

## ਲੋਹੜੀ (ਚਮਨਦੀਪ ਸ਼ਰਮਾ,ਨਾਭਾ ਰੋਡ, ਪਟਿਆਲਾ)



ਲੋਹੜੀ ਤਿਉਹਾਰ ਜਦੋਂ ਆਉਂਦਾ,
ਹਰ ਚਿਹਰੇ ਤੇ ਖੁਸ਼ੀ ਲਿਆਉਂਦਾ।
ਠੰਡ ਨੂੰ ਲੱਗ ਜਾਂਦੀ ਕੁੱਝ ਬਰੇਕ,
ਆਉਣ ਲੱਗਦਾ ਸੂਰਜ ਦਾ ਸੇਕ।
ਉੱਚੀ ਅਵਾਜ਼ ਵਿੱਚ ਗਾਣੇ ਵੱਜਣ,
ਲੋਕੀਂ ਅੱਧੀ ਰਾਤ ਤੱਕ ਨੱਚਣ।
ਦਿਨ ਵਿੱਚ ਲੋਕ ਲੋਹੜੀ ਮੰਗਦੇ,
ਬਦਲੇ ਵਿੱਚ ਨੇ ਦੁਆਵਾਂ ਵੰਡਦੇ।
ਦਰ ਤੋ ਕੋਈ ਵੀ ਖਾਲੀ ਨਾ ਮੋੜੇ,
ਦਾਣੇ, ਗੱਜਕ ਚਾਹੇ ਦੇਵੇ ਥੋੜ੍ਹੇ ।
ਦੁਕਾਨਦਾਰ ਵੱਡਾ ਦਿਲ ਖੋਲਦੇ,
ਲਾ ਦਿੱਤੀ ਸੇਲ ਚੱਕ ਲੋ ਬੋਲਦੇ।
ਰਾਤੀਂ ਇਕੱਠੇ ਹੋ ਧੂਣੀ ਲਾਉਂਦੇ,
ਦੁੱਲੇ ਭੱਟੀ ਦੇ ਗੀਤ ਨੇ ਗਾਉਂਦੇ।
ਰਿਓੜੀ, ਮੂੰਗਫਲੀ ਦਾ ਪ੍ਰਸ਼ਾਦ,
ਇਕੱਠੇ ਖਾਣ ਦਾ ਵੱਖਰਾ ਸੁਆਦ।
ਧੀਆਂ ਦੀ ਵੀ ਲੋਹੜੀ ਮਨਾਈਏ,
ਮੁੰਡੇ—ਕੁੜੀ ਦਾ ਫਰਕ ਮਿਟਾਈਏ।

ਪਤਾ — ਚਮਨਦੀਪ ਸ਼ਰਮਾ,
298 ਮਹਾਰਾਜਾ
ਯਾਦਵਿੰਦਰਾ ਇਨਕਲੇਵ,
ਨਾਭਾ ਰੋਡ, ਪਟਿਆਲਾ,
ਮੋ— 95010 33005

## ਫੇਸਬੁੱਕ ਜਾਂ ਹੋਰ ਸੋਸ਼ਲ ਮੀਡੀਆ ਪਲੈਟਫਾਰਮ ਉੱਤੇ



ਫੇਸਬੁੱਕ ਜਾਂ ਹੋਰ ਸੋਸ਼ਲ ਮੀਡੀਆ ਪਲੈਟਫਾਰਮ ਉੱਤੇ ਸਾਨੂੰ ਬਹੁਤ ਖੱਟੇ ਮਿੱਠੇ ਅਨੁਭਵ ਹੁੰਦੇ ਹਨ, ਉਹਨਾਂ ਵਿੱਚੋਂ ਇੱਕ ਅਨੁਭਵ ਹੁੰਦਾ ਸਾਡੀ ਮਿੱਤਰ ਸੂਚੀ ਵਿੱਚੋਂ ਕਿਸੇ ਦੀ death ਹੋ ਜਾਣਾ
ਜਿਆਦਾਤਰ ਇਕਦਮ ਜਹੇ ਉਸਦੇ ਜਾਣ ਦੀ ਖ਼ਬਰ ਪੜ੍ਹਨ ਨੂੰ ਮਿਲ਼ਦੀ ਹੈ ਤਾਂ ਮਨ ਨੂੰ ਝਟਕਾ ਜਿਹਾ ਲੱਗਦਾ ਹੈ। ਕਿਉਂਕਿ ਤਸਵੀਰਾਂ ਵਿੱਚ ਤਾਂ ਸਾਰੇ ਹੀ ਚੰਗੇ ਭਲੇ ਦਿਸਦੇ ਨੇ। ਪਰ ਅਸਲ ਵਿੱਚ ਉਹਨਾਂ ਦੀ ਸਿਹਤ ਕਿੱਦਾਂ ਦੀ ਹੈ, ਇਹ ਉਹ ਆਪ ਜਾਂ ਉਹਨਾਂ ਦੇ ਜਿਆਦਾ ਨਜਦੀਕ ਦੇ ਲੋਕ ਹੀ ਜਾਣਦੇ ਹੁੰਦੇ ਨੇ ਦੋ ਦਿਨ ਪਹਿਲਾਂ Surjit Bains ਜੀ ਦੀ ਵਾਲ 'ਤੇ ਪੜ੍ਹਿਆ, ਕਿ ਉਹ ਹੁਣ ਇਸ ਦੁਨੀਆ ਵਿੱਚ ਨਹੀਂ ਰਹੇ। ਫੇਰ ਝਟਕਾ ਲੱਗਿਆ।ਅਜੇ ਪਿਛਲੇ ਸਾਲ ਦੀ ਹੀ ਤਾਂ ਗੱਲ ਹੈ, ਮੈਂ ਉਹਨਾਂ ਨੂੰ ਪਹਿਲੀ ਵਾਲ਼ੀ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਸਾਰਿਆਂ ਨਾਲ਼ ਠਹਾਕੇ ਮਾਰ ਕੇ ਹਸਦਿਆਂ ਅਤੇ ਇੱਕ ਖੂਬਸੂਰਤ ਰਚਨਾ ਪੜ੍ਹਦੇ ਦੇਖਿਆ ਅਤੇ ਸੁਣਿਆ ਸੀ।ਸਾਹਿਤ ਦੇ ਖੇਤਰ ਵਿੱਚ ਜਿਆਦਾ ਨਾ ਵਿਚਰਨ ਕਰਕੇ ਮੈਂ ਉਹਨਾਂ ਬਾਰੇ ਜਾਣਦੀ ਨਹੀਂ ਸੀ ਪਰ ਉਹਨਾਂ ਨੂੰ ਸੁਣ ਦੇਖ ਕੇ ਜਗਿਆਸਾ ਜਹੀ ਹੋਈ ਕਿ ਇਹ ਬੀਬੀ ਜੀ ਕੌਣ ਨੇ?ਕੁਝ ਮਹੀਨਿਆਂ ਬਾਅਦ ਇੱਕ ਫ੍ਰੇਂਡ ਰੇਕੁਐਸਟ ਆਉਂਦੀ ਹੈ ਤੇ ਮੈਂ ਆਦਤਨ ਪਹਿਲਾਂ ਪ੍ਰੋਫਾਈਲ ਚੈਕ ਕਰਦੀ ਹਾਂ ਕਿ ਕੀ ਇਹ ਇਨਸਾਨ ਮੇਰੀ ਮਿੱਤਰ ਸੂਚੀ ਵਿੱਚ ਸ਼ਾਮਿਲ ਹੋਣ ਲਾਇਕ ਹੈ ਵੀ?ਉਹਨਾਂ ਦੀ ਪ੍ਰੋਫਾਈਲ ਉੱਤੇ ਜਾਕੇ ਮੈਂ ਬਹੁਤ ਖੁਸ਼ ਹੋਈ, ਕਿ ਜਿਨ੍ਹਾਂ ਨੂੰ ਮੈਂ ਜਾਨਣਾ ਚਾਹੁੰਦੀ ਸੀ, ਉਹਨਾਂ ਨੇ ਮੈਨੂੰ ਆਪ ਹੀ ਹਾਕ ਮਾਰ ਕੇ ਬੁਲਾ ਲਿਆ। ਝਟਪਟ ਰੇਕੁਐਸਟ ਸਵੀਕਾਰ ਕੀਤੀ ਅਤੇ ਚੰਗਾ ਲੱਗਿਆ ਕਿ ਸੁਰਜੀਤ ਬੈਂਸ ਜੀ ਮੇਰੇ ਵਰਗੇ ਕੱਚ ਘਰੜ ਲਿਖਣ ਵਾਲਿਆਂ ਨੂੰ ਵੀ ਬਿਨਾ ਕਿਸੇ ਫਰਕ ਦੇ ਆਪਣੇ ਸੋਸ਼ਲ ਮੀਡੀਆ ਵਿੱਚ add ਕਰ ਰਹੇ ਨੇ, ਸ਼ਾਇਦ ਮੈਂ ਥੋੜ੍ਹਾ ਬਹੁਤ ਠੀਕ ਲਿਖਦੀ ਹੋਊਂ।
ਪਰ ਮੇਰੀ ਬਦਕਿਸਮਤੀ ਇਹ ਰਹੀ, ਕਿ ਮੈਂ ਹੋਰ ਜਿਆਦਾ ਉਹਨਾਂ ਨੂੰ ਜਾਣ ਨੀਂ ਸਕੀ, msg ਜਾਂ ਫੋਨ ਉੱਤੇ ਕਦੇ ਗੱਲ ਨੀਂ ਹੋਈ,
ਉਹਨਾਂ ਨੂੰ ਹੋਰ ਜਾਨਣ, ਸੁਣਨ ਦਾ ਸੁਫਨਾ....ਸੁਫਨਾ ਹੀ ਰਹਿ ਗਿਆ।
ਇਹ ਸਭ ਦੇਖ ਸੁਣ ਕੇ ਹੋਰ ਸਭ ਕਾਸੇ ਤੋਂ ਮਨ ਉਚਾਟ ਹੋ ਜਾਂਦਾ, ਕਿ ਵਾਕਈ... ਜਿੰਦਗੀ ਦਾ ਕੋਈ ਭਰੋਸਾ ਨਹੀਂ, ਕਦੋਂ ਪ੍ਰਾਣ ਪੰਖੇਰੂ ਉੱਡ ਜਾਣੇ, ਨਾ ਕਰੀਂ ਮਾਣ ਜਿੰਦੜੀਏ ਨੀਂ!
ਨਰਿੰਦਰ ਕੌਰ

## ਮੁਹੱਬਤੀ ਦੋਸਤੋ




ਮੁਹੱਬਤੀ ਦੋਸਤੋ,ਕੱਲ ਤੋਂ ਹੀ ਤੁਹਾਡੀਆਂ,ਦੁਆਵਾਂ ,ਅਸੀਸਾਂ ,ਅਤੇ ਮੋਹ ਦੀ ਨਿੱਘੀ ਕਿਣਮਿਣੀ ਵਿੱਚ ਭਿੱਜ ਭਿੱਜ ਕੇ ਸਰਸ਼ਾਰ ਹੋ ਰਿਹਾ ਹਾਂ।ਬਹੁਤ ਆਮ ਜਿਹਾ ਆਦਮੀ ਹਾਂ । ਤੁਹਾਡੀਆਂ ਮੁਹੱਬਤਾਂ ਦਾ ਮੁੱਲ ਮੋੜਣਾ ਤਾਂ ਦੂਰ ਇਕੱਲੇ ਇਕੱਲੇ ਦਾ ਸ਼ੁਕਰਾਨਾ ਵੀ ਨਹੀਂ ਕਰ ਸਕਦਾ
ਬਸ ਤੁਹਾਡੀ ਮੁਹੱਬਤ
ਮੇਰੀ ਜ਼ਿੰਦਗੀ ਦਾ ਸਰਮਾਇਆ ਇਸੇ ਤਰ੍ਹਾਂ ਬਣਿਆ ਰਹੇ
ਇਸ ਦੀ ਕੋਸ਼ਿਸ਼ ਕਰਦਾ ਰਹਾਂਗਾ
ਬਹੁਤ ਸ਼ੁਕਰੀਆ

## ਬਠਿੰਡਾ ਇਸ ਨਾਲ ਬਠਿੰਡਾ ਸ਼ਹਿਰ ਦੇ ਟ੍ਰੈਫਿਕ ਵਿੱਚ ਵੱਡੀ ਰਾਹਤ ਮਿਲਣ ਦੀ ਉਮੀਦ ਹੈ।

# ਬਠਿੰਡਾ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮੁਲਤਾਨੀਆ ਰੋਡ 'ਤੇ ਬਣੇ ਨਵੇਂ ਪੁਲ ਦਾ ਉਦਘਾਟਨ




**ਬਠਿੰਡਾ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮੁਲਤਾਨੀਆ ਰੋਡ 'ਤੇ ਬਣੇ ਨਵੇਂ ਪੁਲ ਦਾ ਉਦਘਾਟਨਅੱਜ ਇੱਕ ਅਹਿਮ ਵਿਕਾਸੀ ਘਟਨਾ ਬਣ ਗਿਆ ਹੈ। ਇਹ ਪੁਲ ਰੇਲਵੇ ਪਟੜੀਆਂ ਉੱਤੇ ਬਣਾਇਆ ਗਿਆ ਹੈ ਅਤੇ ਇਸ ਨਾਲ ਬਠਿੰਡਾ ਸ਼ਹਿਰ ਦੇ ਟ੍ਰੈਫਿਕ ਵਿੱਚ ਵੱਡੀ ਰਾਹਤ ਮਿਲਣ ਦੀ ਉਮੀਦ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਬਠਿੰਡਾ ਪਹੁੰਚ ਕੇ ਇਸ ਪੁਲ ਨੂੰ ਲੋਕਾਂ ਨੂੰ ਸਮਰਪਿਤ ਕੀਤਾ। ਮੌਸਮ ਦੀ ਖਰਾਬੀ ਕਾਰਨ ਪ੍ਰੋਗਰਾਮ ਵਿੱਚ ਕੁਝ ਦੇਰੀ ਹੋਈ, ਜਿਸ ਲਈ ਮੁੱਖ ਮੰਤਰੀ ਨੇ ਲੋਕਾਂ ਤੋਂ ਮਾਫੀ ਵੀ ਮੰਗੀ।ਇਹ ਪੁਲ ਲਗਭਗ ਇੱਕ ਕਿਲੋਮੀਟਰ ਲੰਬਾ ਹੈ ਅਤੇ ਇਸ ਦੇ ਨਿਰਮਾਣ ਦਾ ਕੰਮ 11 ਸਤੰਬਰ 2023 ਨੂੰ ਸ਼ੁਰੂ ਹੋਇਆ ਸੀ। ਬਹੁਤ ਹੀ ਘੱਟ ਸਮੇਂ ਵਿੱਚ ਇਸ ਨੂੰ ਪੂਰਾ ਕਰਕੇ**

ਲੋਕਾਂ ਦੀ ਸੇਵਾ ਵਿੱਚ ਲਿਆਂਦਾ ਗਿਆ ਹੈ, ਜੋ ਸਰਕਾਰ ਦੀ ਤੇਜ਼ ਰਫ਼ਤਾਰ ਵਾਲੀ ਵਿਕਾਸ ਨੀਤੀ ਨੂੰ ਦਰਸਾਉਂਦਾ ਹੈ। ਇਸ ਪੁਲ ਦੇ ਖੁੱਲ੍ਹਣ ਨਾਲ ਬਠਿੰਡਾ ਸ਼ਹਿਰ ਦੇ ਇੱਕ ਹਿੱਸੇ ਤੋਂ ਦੂਜੇ ਹਿੱਸੇ ਵੱਲ ਜਾਣ ਵਾਲੇ ਲੋਕਾਂ ਨੂੰ ਰੇਲਵੇ ਕਰਾਸਿੰਗ ਉੱਤੇ ਲੰਬੇ ਸਮੇਂ ਤੱਕ ਇੰਤਜ਼ਾਰ ਨਹੀਂ ਕਰਨਾ ਪਵੇਗਾ।ਇਸ ਪੁਲ ਦੇ ਖੁੱਲ੍ਹਣ ਨਾਲ ਬਠਿੰਡਾ ਸ਼ਹਿਰ ਦੇ ਇੱਕ ਹਿੱਸੇ ਤੋਂ ਦੂਜੇ ਹਿੱਸੇ ਵੱਲ ਜਾਣ ਵਾਲੇ ਲੋਕਾਂ ਨੂੰ ਰੇਲਵੇ ਕਰਾਸਿੰਗ ਉੱਤੇ ਲੰਬੇ ਸਮੇਂ ਤੱਕ ਇੰਤਜ਼ਾਰ ਨਹੀਂ ਕਰਨਾ ਪਵੇਗਾ। ਰੇਲਵੇ ਪਟੜੀਆਂ ਕਾਰਨ ਪਹਿਲਾਂ ਟ੍ਰੈਫਿਕ ਜਾਮ ਅਤੇ ਹਾਦਸੇ ਆਮ ਸਨ, ਪਰ ਹੁਣ ਇਹ ਸਮੱਸਿਆ ਬਹੁਤ ਹੱਦ ਤੱਕ ਘੱਟ ਜਾਵੇਗੀ। ਲੋਕਾਂ ਦੀ ਜ਼ਿੰਦਗੀ ਵਿੱਚ ਆਸਾਨੀ ਆਵੇਗੀ ਅਤੇ ਵਪਾਰ-ਕਰੋਬਾਰ ਨੂੰ ਵੀ ਵਧਾਅ ਮਿਲੇਗਾ। ਉਦਘਾਟਨ ਮੌਕੇ ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਪੁਲ ਸਿਰਫ਼ ਇੱਕ ਬੁਨਿਆਦੀ ਢਾਂਚਾ ਨਹੀਂ, ਸਗੋਂ ਲੋਕਾਂ ਦੀਆਂ ਰੋਜ਼ਾਨਾ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਵਾਲਾ ਕਦਮ ਹੈ। ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਦੇ ਕੰਮ ਤੇਜ਼ੀ ਨਾਲ ਜਾਰੀ ਰਹਿਣਗੇ। ਇਸ ਤੋਂ ਬਾਅਦ ਮੁੱਖ ਮੰਤਰੀ ਨੇ 'ਲੋਕ ਮਿਲਣੀ' ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਲਈ ਵਾਅਦੇ ਕੀਤੇ। ਇਸੇ ਦੌਰਾਨ ਉਨ੍ਹਾਂ ਨੇ ਪਿੰਡ ਨਰੂਆਣਾ ਵਿੱਚ ਇੱਕ ਨਵੀਂ ਲਾਇਬ੍ਰੇਰੀ ਦਾ ਵੀ ਉਦਘਾਟਨ ਕੀਤਾ। ਇਸ ਲਾਇਬ੍ਰੇਰੀ ਵਿੱਚ ਵੱਖ-ਵੱਖ ਜਮਾਤਾਂ ਦੇ ਸਿਲੇਬਸ ਵਾਲੀਆਂ ਕਿਤਾਬਾਂ ਤੋਂ ਇਲਾਵਾ ਸਾਹਿਤਕ ਪੁਸਤਕਾਂ ਵੀ ਰੱਖੀਆਂ ਗਈਆਂ ਹਨ। ਇਹ ਕਦਮ ਨੌਜਵਾਨਾਂ ਅਤੇ ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ, ਕਿਉਂਕਿ ਪਿੰਡਾਂ ਵਿੱਚ ਅਜਿਹੀਆਂ ਸਹੂਲਤਾਂ ਦੀ ਬਹੁਤ ਘਾਟ ਸੀ। ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿੱਚ 14 ਜਨਵਰੀ ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਮੇਲੇ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਕੀਤੀ ਜਾ ਰਹੀ ਕਾਨਫਰੰਸ ਵਿੱਚ ਭਾਰੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਇਹ ਕਾਨਫਰੰਸ ਪੰਜਾਬ ਦੇ ਵਿਕਾਸ ਅਤੇ ਲੋਕਾਂ ਦੇ ਹੱਕਾਂ ਲਈ ਇੱਕ ਅਹਿਮ ਮੌਕਾ ਹੋਵੇਗੀ। ਇਸ ਸਮਾਰੋਹ ਵਿੱਚ ਬਠਿੰਡਾ ਜ਼ਿਲ੍ਹੇ ਨਾਲ ਸਬੰਧਤ ਵਿਧਾਇਕਾਂ ਤੋਂ ਇਲਾਵਾ ਵੱਖ-ਵੱਖ ਅਦਾਰਿਆਂ ਦੇ ਚੇਅਰਮੈਨ, ਪ੍ਰਧਾਨ, ਆਮ ਆਦਮੀ ਪਾਰਟੀ ਦੇ ਆਗੂ ਅਤੇ ਸਥਾਨਕ ਨਾਗਰਿਕ ਵੱਡੀ ਗਿਣਤੀ ਵਿੱਚ ਮੌਜੂਦ ਸਨ। ਇਹ ਸਮਾਗਮ ਲੋਕਾਂ ਵਿੱਚ ਬਹੁਤ ਉਤਸ਼ਾਹ ਨਾਲ ਭਰਪੂਰ ਰਿਹਾ ਅਤੇ ਸਰਕਾਰ ਦੇ ਵਿਕਾਸੀ ਕੰਮਾਂ ਨੂੰ ਹੁਲਾਰਾ ਮਿਲਿਆ। ਇਸ ਪੁਲ ਦਾ ਨਿਰਮਾਣ ਪੰਜਾਬ ਸਰਕਾਰ ਦੀ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਈ ਵਚਨਬੱਧਤਾ ਨੂੰ ਦਰਸਾਉਂਦਾ ਹੈ। ਬਠਿੰਡਾ ਵਰਗੇ ਸ਼ਹਿਰ ਵਿੱਚ ਜਿੱਥੇ ਰੇਲਵੇ ਲਾਈਨਾਂ ਕਾਰਨ ਟ੍ਰੈਫਿਕ ਸਮੱਸਿਆ ਬਹੁਤ ਵੱਡੀ ਸੀ, ਉੱਥੇ ਇਹ ਪੁਲ ਇੱਕ ਰਾਹਤ ਦਾ ਕਾਰਨ ਬਣੇਗਾ। ਲੋਕ ਆਪਣੇ ਦੈਨਿਕ ਕੰਮਾਂ ਨੂੰ ਆਸਾਨੀ ਨਾਲ ਕਰ ਸਕਣਗੇ ਅਤੇ ਸਮਾਂ ਵੀ ਬਚੇਗਾ। ਸਰਕਾਰ ਵੱਲੋਂ ਅਜਿਹੇ ਹੋਰ ਪ੍ਰੋਜੈਕਟਾਂ ਉੱਤੇ ਵੀ ਕੰਮ ਜਾਰੀ ਹੈ, ਜਿਸ ਨਾਲ ਪੰਜਾਬ ਦੇ ਹਰ ਹਿੱਸੇ ਵਿੱਚ ਵਿਕਾਸ ਦੀ ਰੋਸ਼ਨੀ ਪਹੁੰਚੇ। ਇਸ ਤਰ੍ਹਾਂ ਦੇ ਕੰਮ ਲੋਕਾਂ ਵਿੱਚ ਸਰਕਾਰ ਪ੍ਰਤੀ ਭਰੋਸਾ ਵਧਾਉਂਦੇ ਹਨ ਅਤੇ ਸਾਬਤ ਕਰਦੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਲੋੜਾਂ ਨੂੰ ਸਮਝ ਕੇ ਤੇਜ਼ੀ ਨਾਲ ਕੰਮ ਕਰ ਰਹੀ ਹੈ। ਭਵਿੱਖ ਵਿੱਚ ਵੀ ਅਜਿਹੇ ਵਿਕਾਸੀ ਪ੍ਰੋਜੈਕਟਾਂ ਦੀ ਉਮੀਦ ਕੀਤੀ ਜਾ ਸਕਦੀ ਹੈ। ਬਠਿੰਡਾ ਵਾਸੀਆਂ ਲਈ ਇਹ ਦਿਨ ਖਾਸ ਰਿਹਾ ਅਤੇ ਉਹ ਆਪਣੇ ਸ਼ਹਿਰ ਵਿੱਚ ਬਿਹਤਰ ਸਹੂਲਤਾਂ ਲਈ ਖੁਸ਼ ਹਨ। ਇਹ ਪੁਲ ਨਾ ਸਿਰਫ਼ ਲੋਹੇ ਅਤੇ ਕੰਕਰੀਟ ਦੀ ਬਣਤਰ ਹੈ, ਸਗੋਂ ਲੋਕਾਂ ਦੇ ਸੁਪਨਿਆਂ ਅਤੇ ਆਸਾਨ ਜ਼ਿੰਦਗੀ ਦਾ ਪ੍ਰਤੀਕ ਵੀ ਹੈ।

## ਗੀਜ਼ਰ ਦੀ ਗੈਸ ਕਾਰਨ ਜਾਨਲੇਵਾ ਸਾਬਤ ਹੋ ਗਈ।





ਉੱਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਵਿੱਚ ਇੱਕ ਦਿਲ ਦਹਿਲਾ ਦੇਣ ਵਾਲਾ ਹਾਦਸਾ ਵਾਪਰਿਆ ਹੈ। ਇੱਕ ਪਰਿਵਾਰ ਦੇ ਦੋ ਛੋਟੇ ਭਰਾਵਾਂ ਨੂੰ ਗੈਸ ਗੀਜ਼ਰ ਦੀ ਗੈਸ ਕਾਰਨ ਜਾਨਲੇਵਾ ਸਾਬਤ ਹੋ ਗਈ। ਇਹ ਘਟਨਾ 9 ਜਨਵਰੀ 2026 ਨੂੰ ਵਾਪਰੀ ਜਦੋਂ ਦੋਵੇਂ ਬੱਚੇ ਬਾਥਰੂਮ ਵਿੱਚ ਨਹਾ ਰਹੇ ਸਨ।ਪਰਿਵਾਰ ਦੇ ਮੈਂਬਰ ਮੁਹੰਮਦ ਸਲੀਮ ਦੇ ਦੋ ਬੇਟੇ – 4 ਸਾਲਾ ਰਿਆਨ ਅਤੇ 11 ਸਾਲਾ ਅਯਾਨ – ਬਾਥਰੂਮ ਵਿੱਚ ਇਕੱਠੇ ਨਹਾਉਣ ਗਏ ਸਨ। ਉਨ੍ਹਾਂ ਨੇ ਦਰਵਾਜ਼ਾ ਬੰਦ ਕਰ ਲਿਆ ਸੀ। ਗੈਸ ਗੀਜ਼ਰ ਚੱਲ ਰਿਹਾ ਸੀ ਅਤੇ ਬਾਥਰੂਮ ਵਿੱਚ ਬਹੁਤ ਜ਼ਿਆਦਾ ਭਾਫ਼ ਭਰ ਗਈ। ਇਸ ਕਾਰਨ ਬੱਚੇ ਸਾਹ ਲੈਣ ਤੋਂ ਅਸਮਰੱਥ ਹੋ ਗਏ ਅਤੇ ਦਮ ਘੁੱਟਣ ਲੱਗ ਪਏ। ਗੈਸ ਲੀਕ ਹੋਣ ਕਾਰਨ ਬਾਥਰੂਮ ਅੰਦਰ ਕਾਰਬਨ ਮੋਨੋਆਕਸਾਈਡ ਵਰਗੀ ਜ਼ਹਿਰੀਲੀ ਗੈਸ ਭਰ ਗਈ ਸੀ ਜੋ ਬਹੁਤ ਖ਼ਤਰਨਾਕ ਹੁੰਦੀ ਹੈ।ਕਾਫ਼ੀ ਦੇਰ ਬਾਅਦ ਜਦੋਂ ਬੱਚੇ ਬਾਹਰ ਨਹੀਂ ਆਏ ਤਾਂ ਪਰਿਵਾਰ ਵਾਲਿਆਂ ਨੂੰ ਸ਼ੱਕ ਹੋਇਆ। ਉਨ੍ਹਾਂ ਨੇ ਬਹੁਤ ਪੁਕਾਰਿਆ ਪਰ ਕੋਈ ਜਵਾਬ ਨਹੀਂ ਮਿਲਿਆ। ਫਿਰ ਉਨ੍ਹਾਂ ਨੇ ਬਾਥਰੂਮ ਦਾ ਦਰਵਾਜ਼ਾ ਤੋੜ ਕੇ ਅੰਦਰ ਦੇਖਿਆ ਤਾਂ ਦੋਵੇਂ ਬੱਚੇ ਫਰਸ਼ ਤੇ ਬੇਹੋਸ਼ ਪਏ ਸਨ। ਪਰਿਵਾਰਕ ਮੈਂਬਰ ਤੁਰੰਤ ਉਨ੍ਹਾਂ ਨੂੰ ਜ਼ਿਲ੍ਹਾ ਹਸਪਤਾਲ ਲੈ ਗਏ। ਡਾਕਟਰਾਂ ਨੇ 4 ਸਾਲਾ ਰਿਆਨ ਨੂੰ ਮ੍ਰਿਤ ਘੋਸ਼ਿਤ ਕਰ ਦਿੱਤਾ। ਵੱਡੇ ਭਰਾ ਅਯਾਨ ਦੀ ਹਾਲਤ ਬਹੁਤ ਗੰਭੀਰ ਸੀ ਇਸ ਲਈ ਉਸ ਨੂੰ ਬਰੇਲੀ ਦੇ ਇੱਕ ਵੱਡੇ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਹੈ। ਅਜੇ ਵੀ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।ਪੁਲਿਸ ਅਤੇ ਪ੍ਰਸ਼ਾਸਨ ਨੇ ਮੌਕੇ ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਪਤਾ ਲੱਗਿਆ ਹੈ ਕਿ ਗੈਸ ਗੀਜ਼ਰ ਬੰਦ ਬਾਥਰੂਮ ਵਿੱਚ ਚਲਾਉਣ ਨਾਲ ਆਕਸੀਜਨ ਘੱਟ ਹੋ ਜਾਂਦੀ ਹੈ ਅਤੇ ਜ਼ਹਿਰੀਲੀ ਗੈਸ ਭਰ ਜਾਂਦੀ ਹੈ। ਇਹ ਘਟਨਾ ਬਹੁਤ ਦੁਖਦਾਈ ਹੈ ਕਿਉਂਕਿ ਇੱਕ ਛੋਟਾ ਜਿਹਾ ਬੱਚਾ ਹੱਸਦਾ-ਖੇਡਦਾ ਸੀ ਅਤੇ ਅਚਾਨਕ ਇਸ ਤਰ੍ਹਾਂ ਚਲਾ ਗਿਆ। ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਇਹ ਪਹਿਲੀ ਵਾਰ ਨਹੀਂ ਹੈ ਕਿ ਗੈਸ ਗੀਜ਼ਰ ਕਾਰਨ ਅਜਿਹੇ ਹਾਦਸੇ ਵਾਪਰੇ ਹਨ। ਪਿਛਲੇ ਕੁਝ ਮਹੀਨਿਆਂ ਵਿੱਚ ਉੱਤਰ ਪ੍ਰਦੇਸ਼ ਵਿੱਚ ਹੀ ਕਈ ਥਾਵਾਂ ਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਹੋਈਆਂ ਹਨ ਜਿਵੇਂ ਪੀਲੀਭੀਤ ਵਿੱਚ ਇੱਕ ਜੋੜੇ ਦੀ ਮੌਤ ਅਤੇ ਅਲੀਗੜ੍ਹ ਵਿੱਚ ਇੱਕ ਲੜਕੀ ਦੀ ਮੌਤ। ਇਹਨਾਂ ਘਟਨਾਵਾਂ ਤੋਂ ਸਬਕ ਲੈਣ ਦੀ ਲੋੜ ਹੈ। ਸੁਰੱਖਿਆ ਲਈ ਜ਼ਰੂਰੀ ਸੁਝਾਅ ਗੈਸ ਗੀਜ਼ਰ ਨੂੰ ਹਮੇਸ਼ਾ ਖੁੱਲ੍ਹੀ ਜਗ੍ਹਾ ਜਾਂ ਚੰਗੀ ਹਵਾਦਾਰ ਵਾਲੇ ਬਾਥਰੂਮ ਵਿੱਚ ਲਗਾਓ। ਬੰਦ ਬਾਥਰੂਮ ਵਿੱਚ ਗੀਜ਼ਰ ਚਲਾਉਣ ਤੋਂ ਪਰਹੇਜ਼ ਕਰੋ। ਗੀਜ਼ਰ ਵਿੱਚ ਆਟੋਮੈਟਿਕ ਸ਼ਟਆਫ ਅਤੇ ਲੀਕ ਡਿਟੈਕਟਰ ਲਗਾਏ ਹੋਣੇ ਚਾਹੀਦੇ ਹਨ। ਬੱਚਿਆਂ ਨੂੰ ਇਕੱਲੇ ਨਹਾਉਣ ਨਾ ਦਿਓ, ਖਾਸ ਕਰਕੇ ਗੀਜ਼ਰ ਵਾਲੇ ਬਾਥਰੂਮ ਵਿੱਚ।ਜੇਕਰ ਭਾਫ਼ ਜ਼ਿਆਦਾ ਹੋਵੇ ਜਾਂ ਬਦਬੂ ਆਵੇ ਤਾਂ ਤੁਰੰਤ ਗੀਜ਼ਰ ਬੰਦ ਕਰੋ ਅਤੇ ਬਾਹਰ ਆ ਜਾਓ।ਇਹ ਘਟਨਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਵੀ ਲਾਪਰਵਾਹੀ ਕਾਰਨ ਜਾਨਲੇਵਾ ਬਣ ਸਕਦੀਆਂ ਹਨ। ਪਰਿਵਾਰ ਨਾਲ ਹਮਦਰਦੀ ਹੈ ਅਤੇ ਅਯਾਨ ਦੇ ਜਲਦੀ ਠੀਕ ਹੋਣ ਦੀ ਦੁਆ ਕਰਦੇ ਹਾਂ।

## ਰਾਘਵ ਚੱਢਾ ਨੇ ਮੋਹਾਲੀ ਜ਼ਿਲ੍ਹੇ ਵਿੱਚ ਛੇ ਬੈਡਮਿੰਟਨ ਕੋਰਟਾਂ ਅਤੇ ਦੋ ਵਾਲੀਬਾਲ ਕੋਰਟਾਂ ਦਾ ਰਸਮੀ ਉਦਘਾਟਨ ਕੀਤਾ

**ਮੋਹਾਲੀ, 10 ਜਨਵਰੀ (ਰਵਨੀਤ ਲਾਂਬਾ) |**

ਅੱਜ ਰਾਜ ਸਭਾ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਆਗੂ ਸ੍ਰੀ ਰਾਘਵ ਚੱਢਾ ਨੇ ਮੋਹਾਲੀ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਨਵੀਆਂ ਬਣਾਈਆਂ ਗਈਆਂ ਛੇ ਬੈਡਮਿੰਟਨ ਕੋਰਟਾਂ ਅਤੇ ਦੋ ਵਾਲੀਬਾਲ ਕੋਰਟਾਂ ਦਾ ਰਸਮੀ ਉਦਘਾਟਨ ਕੀਤਾ। ਇਹ ਸਾਰੀਆਂ ਖੇਡ ਸਹੂਲਤਾਂ ਸੰਸਦ ਮੈਂਬਰ ਲੋਕਲ ਏਰੀਆ ਡਿਵੈਲਪਮੈਂਟ ਸਕੀਮ (MPLADS) ਦੇ ਫੰਡਾਂ ਨਾਲ ਤਿਆਰ ਕੀਤੀਆਂ ਗਈਆਂ ਹਨ। ਇਹ ਕੋਰਟਾਂ ਫੇਜ਼-11, ਸੈਕਟਰ-79, ਸੈਕਟਰ-74 (ਇੰਡਸਟ੍ਰੀਅਲ ਏਰੀਆ), ਪਿੰਡ ਧੁਰਾਲੀ ਅਤੇ ਪਿੰਡ ਮੋਟੇ ਮਾਜਰਾ ਵਿੱਚ ਸਥਿਤ ਹਨ। ਇਸ ਪਹਿਲਕਦਮੀ ਨਾਲ ਸ਼ਹਿਰੀ ਅਤੇ ਪੇਂਡੂ ਖੇਤਰਾਂ ਦੇ ਨੌਜਵਾਨਾਂ ਨੂੰ ਬਿਹਤਰ ਖੇਡ ਸਹੂਲਤਾਂ ਮਿਲਣਗੀਆਂ ਅਤੇ ਉਹਨਾਂ ਨੂੰ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਕਿਹਾ ਕਿ ਖੇਡਾਂ ਵਿੱਚ ਨਿਵੇਸ਼ ਕਰਨਾ ਨੌਜਵਾਨਾਂ ਦੇ ਉੱਜਵਲ ਭਵਿੱਖ ਵੱਲ ਵਧਾਇਆ ਗਿਆ ਸਭ ਤੋਂ ਵੱਡਾ ਕਦਮ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਚੰਗੀਆਂ ਅਤੇ ਸੁਲੱਭ ਖੇਡ ਸਹੂਲਤਾਂ ਨੌਜਵਾਨਾਂ ਵਿੱਚ ਅਨੁਸ਼ਾਸਨ, ਟੀਮ ਵਰਕ, ਸਰੀਰਕ ਤੰਦਰੁਸਤੀ ਅਤੇ ਸਕਾਰਾਤਮਕ ਸੋਚ ਪੈਦਾ ਕਰਦੀਆਂ ਹਨ। ਇਹ ਸਹੂਲਤਾਂ ਨੌਜਵਾਨਾਂ ਨੂੰ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ, "ਖੇਡਾਂ ਨੂੰ ਉਤਸ਼ਾਹਿਤ ਕਰਨਾ ਸਿਰਫ਼ ਸਿਹਤ ਲਈ ਨਹੀਂ ਸਗੋਂ ਸਮਾਜ ਨੂੰ ਮਜ਼ਬੂਤ ਅਤੇ ਵਿਕਸਤ ਬਣਾਉਣ ਲਈ ਵੀ ਜ਼ਰੂਰੀ ਹੈ।" ਸ੍ਰੀ ਚੱਢਾ ਨੇ ਆਪਣੇ MPLADS ਫੰਡਾਂ ਰਾਹੀਂ ਇਹਨਾਂ ਕੋਰਟਾਂ ਨੂੰ ਬਣਵਾਉਣ 'ਤੇ ਮਾਣ ਪ੍ਰਗਟ ਕੀਤਾ ਅਤੇ ਕਿਹਾ, "ਮੋਹਾਲੀ ਵਿੱਚ 6 ਬੈਡਮਿੰਟਨ ਕੋਰਟਾਂ ਅਤੇ 2 ਵਾਲੀਬਾਲ ਕੋਰਟਾਂ ਦਾ ਉਦਘਾਟਨ ਕਰਕੇ ਮੈਨੂੰ ਬਹੁਤ ਖੁਸ਼ੀ ਹੋ ਅਪਣਾਉਣ ਅਤੇ ਚਮਕਦਾਰ ਭਵਿੱਖ ਬਣਾਉਣ ਦਾ ਰਾਹ ਖੋਲ੍ਹਦਾ ਹੈ।" ਉਨ੍ਹਾਂ ਨੇ ਅੱਗੇ ਕਿਹਾ ਕਿ ਇਹ ਕੋਰਟਾਂ ਸਿਰਫ਼ ਕੰਕਰੀਟ ਦੀਆਂ ਬਣਾਵਟਾਂ ਨਹੀਂ ਹਨ, ਸਗੋਂ ਇਹ ਉਹ ਸੁਰੱਖਿਅਤ ਅਤੇ ਪ੍ਰੇਰਨਾਦਾਇਕ ਥਾਵਾਂ ਹਨ ਜਿੱਥੇ ਨੌਜਵਾਨ ਆਪਣੀ ਪ੍ਰਤਿਭਾ ਨੂੰ ਨਿਖਾਰ ਸਕਦੇ ਹਨ, ਮੁਕਾਬਲੇ ਵਿੱਚ ਹਿੱਸਾ ਲੈ ਸਕਦੇ ਹਨ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਦੇ ਹਨ। ਜਨਤਕ ਫੰਡਾਂ ਦੀ ਵਰਤੋਂ ਨੂੰ ਅਗਲੀ ਪੀੜ੍ਹੀ ਲਈ ਮੌਕੇ ਅਤੇ ਆਤਮ-ਵਿਸ਼ਵਾਸ ਪ੍ਰਦਾਨ ਕਰਨ ਵੱਲ ਵਰਤਣਾ ਚਾਹੀਦਾ ਹੈ। ਇਸ ਮੌਕੇ ਸਥਾਨਕ ਨਿਵਾਸੀਆਂ, ਖਿਡਾਰੀਆਂ ਅਤੇ ਨੌਜਵਾਨ ਸੰਗਠਨਾਂ ਨੇ ਇਸ ਪਹਿਲ ਨੂੰ ਭਰਵਾਂ ਸਵਾਗਤ ਕੀਤਾ।ਉਨ੍ਹਾਂ ਦਾ ਕਹਿਣਾ ਸੀ ਕਿ ਇਹ ਨਵੀਆਂ ਸਹੂਲਤਾਂ ਖੇਡਾਂ ਤੱਕ ਪਹੁੰਚ ਨੂੰ ਆਸਾਨ ਬਣਾਉਣਗੀਆਂਅਤੇ ਸਮੁਦਾਇਕ ਪੱਧਰ 'ਤੇ ਭਾਗੀਦਾਰੀ ਨੂੰ ਵਧਾਉਣਗੀਆਂ। ਬਹੁਤ ਸਾਰੇ ਨੌਜਵਾਨਾਂ

**ਸ਼ਹਿਰੀ ਅਤੇ ਪੇਂਡੂ ਖੇਤਰਾਂ ਦੇ ਨੌਜਵਾਨਾਂ ਨੂੰ ਬਿਹਤਰ ਖੇਡ ਸਹੂਲਤਾਂ ਮਿਲਣਗੀਆਂ**



ਇਸ ਮੌਕੇ ਸਥਾਨਕ ਨਿਵਾਸੀਆਂ, ਖਿਡਾਰੀਆਂ ਅਤੇ ਨੌਜਵਾਨ ਸੰਗਠਨਾਂ ਨੇ ਇਸ ਪਹਿਲ ਨੂੰ ਭਰਵਾਂ ਸਵਾਗਤ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਨਵੀਆਂ ਸਹੂਲਤਾਂ ਖੇਡਾਂ ਤੱਕ ਪਹੁੰਚ ਨੂੰ ਆਸਾਨ ਬਣਾਉਣਗੀਆਂ ਅਤੇ ਸਮੁਦਾਇਕ ਪੱਧਰ 'ਤੇ ਭਾਗੀਦਾਰੀ ਨੂੰ ਵਧਾਉਣਗੀਆਂ। ਬਹੁਤ ਸਾਰੇ ਨੌਜਵਾਨਾਂ ਨੇ ਇਸ ਨੂੰ ਆਪਣੇ ਲਈ ਵੱਡੀ ਖੁਸ਼ਖਬਰੀ ਦੱਸਿਆ ਅਤੇ ਕਿਹਾ ਕਿ ਹੁਣ ਉਹ ਘਰੇਲੂ ਪੱਧਰ 'ਤੇ ਹੀ ਪ੍ਰੈਕਟਿਸ ਕਰਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਾਮ ਕਮਾ ਸਕਦੇ ਹਨ।ਸ੍ਰੀ ਰਾਘਵ ਚੱਢਾ ਨੇ ਆਪਣੀ ਵਚਨਬੱਧਤਾ ਦੁਹਰਾਈ ਕਿ ਉਹ ਭਵਿੱਖ ਵਿੱਚ ਵੀ MPLADS ਫੰਡਾਂ ਰਾਹੀਂ ਸਮੁਦਾਇਕ ਖੇਡ ਢਾਂਚੇ ਨੂੰ ਵਧਾਉਣਗੇ। ਇਹ ਉਨ੍ਹਾਂ ਦੀ ਪੰਜਾਬ ਦੇ ਨੌਜਵਾਨਾਂ ਨੂੰ ਸਸ਼ਕਤ ਕਰਨ ਅਤੇ ਸੂਬੇ ਦੇ ਸਮੂਹਿਕ ਵਿਕਾਸ ਵੱਲ ਵਧਾਈ ਜਾ ਰਹੀ ਕੋਸ਼ਿਸ਼ਾਂ ਦਾ ਹਿੱਸਾ ਹੈ। ਉਨ੍ਹਾਂ ਨੇ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਅੱਗੇ ਵੀ ਹੋਰ ਅਜਿਹੀਆਂ ਖੇਡ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ ਤਾਂ ਜੋ ਹਰ ਨੌਜਵਾਨ ਨੂੰ ਆਪਣੀ ਪ੍ਰਤਿਭਾ ਨੂੰ ਸਾਹਮਣੇ ਲਿਆਉਣ ਦਾ ਮੌਕਾ ਮਿਲ ਸਕੇ।ਇਹ ਉਦਘਾਟਨ ਪੰਜਾਬ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਸਕਾਰਾਤਮਕ ਦਿਸ਼ਾ ਵੱਲ ਲੈ ਜਾਣ ਵਾਲੀਆਂ ਪਹਿਲਾਂ ਵਿੱਚੋਂ ਇੱਕ ਮਹੱਤਵਪੂਰਨ ਕਦਮ ਹੈ। ਇਸ ਨਾਲ ਮੋਹਾਲੀ ਦੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਰੁਚੀ ਵਧੇਗੀ ਅਤੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤੀ ਮਿਲੇਗੀ ਸ੍ਰੀ ਚੱਢਾ ਨੇ ਆਪਣੇ MPLADS ਫੰਡਾਂ ਰਾਹੀਂ ਇਹਨਾਂ ਕੋਰਟਾਂ ਨੂੰ ਬਣਵਾਉਣ 'ਤੇ ਮਾਣ ਪ੍ਰਗਟ ਕੀਤਾ ਅਤੇ ਕਿਹਾ, "ਮੋਹਾਲੀ ਵਿੱਚ 6 ਬੈਡਮਿੰਟਨ ਕੋਰਟਾਂ ਅਤੇ 2 ਵਾਲੀਬਾਲ ਕੋਰਟਾਂ ਦਾ ਉਦਘਾਟਨ ਕਰਕੇ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ।"

# ਜ਼ਿਲ੍ਹਾ ਤਰਨ ਤਾਰਨ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ

## ਯੁੱਧ ਨਸ਼ਿਆਂ ਵਿਰੁੱਧ ਦੇ ਪਹਿਲੇ ਪੜਾਅ ਨਾਲੋਂ ਵੀ ਵੱਧ ਸਫਲ ਹੋਵੇਗਾ ਦੂਜਾ ਪੜਾਅ - ਲਾਲਜੀਤ ਸਿੰਘ ਭੁੱਲਰ







ਤਰਨ ਤਾਰਨ, 10 ਜਨਵਰੀ ( ਗੁਰਪ੍ਰੀਤ ਸਿੰਘ ਕੱਦਗਿੱਲ ) - ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਨੂੰ ਹੋਰ ਤੇਜ਼ ਕਰਦਿਆਂ ਅੱਜ ਜ਼ਿਲ੍ਹਾ ਤਰਨ ਤਾਰਨ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਹੋ ਗਈ ਹੈ। ਜ਼ਿਲ੍ਹਾ ਤਰਨ ਤਾਰਨ ਦੇ ਚਾਰੇ ਵਿਧਾਨ ਸਭਾ ਹਲਕੇ ਤਰਨ ਤਾਰਨ, ਪੱਟੀ, ਖੇਮਕਰਨ ਅਤੇ ਖਡੂਰ ਸਾਹਿਬ ਵਿਖੇ ਅੱਜ ਨਸ਼ਾ ਮੁਕਤੀ ਮੋਰਚਾ ਦੇ ਵਲੰਟੀਅਰਾਂ ਅਤੇ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਵੱਲੋਂ ਪਿੰਡਾਂ ਵਿੱਚ ਵਿਸ਼ੇਸ਼ ਇਕੱਤਰਤਾ ਕਰਕੇ ਪੈਦਲ ਯਾਤਰਾਵਾਂ ਕੱਢ ਕੇ ਨਸ਼ਿਆਂ ਖਿਲਾਫ ਹੋਕਾ ਦਿੱਤਾ ਗਿਆ।ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਕਿੜੀਆਂ, ਮਰੜ, ਜੌਣੇਕੇ, ਮਰਹਾਣਾ ਅਤੇ ਨੱਥੂਪੁਰ ਵਿਖੇ ਨਸ਼ਾ ਮੁਕਤੀ ਪੈਦਲ ਯਾਤਰਾਵਾਂ ਦੀ ਸ਼ੁਰੂਆਤ ਕਰਦਿਆਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਜ਼ਿਲ੍ਹਾ ਕੋਆਰਡੀਨੇਟਰ ਅਮਰਿੰਦਰ ਸਿੰਘ ਐਮੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਅੱਜ ਜ਼ਿਲ੍ਹਾ ਤਰਨ ਤਾਰਨ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਰੋਜ਼ਾਨਾਂ ਹਰ ਵਿਧਾਨ ਸਭਾ ਹਲਕੇ ਦੇ ਕਰੀਬ 20 ਪਿੰਡਾਂ ਨੂੰ ਕਵਰ ਕੀਤਾ ਜਾਵੇਗਾ, ਜਿੱਥੇ ਨਸ਼ਾ ਮੁਕਤੀ ਮੋਰਚਾ ਦੇ ਵਲੰਟੀਅਰਾਂ ਅਤੇ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਵੱਲੋਂ ਪਿੰਡਾਂ ਵਿੱਚ ਵਿਸ਼ੇਸ਼ ਪੈਦਲ ਯਾਤਰਾਵਾਂ ਕੱਢੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅੱਜ ਪਹਿਲੇ ਦਿਨ ਇਸ ਮੁਹਿੰਮ ਨੂੰ ਜ਼ਿਲ੍ਹੇ ਦੇ ਪਿੰਡਾਂ ਵਿੱਚੋਂ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਪਹਿਲੇ ਪੜਾਅ ਦੌਰਾਨ ਤਸਕਰਾਂ ਵਿਰੁੱਧ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਗਈ। ਇਸ ਦੇ ਨਾਲ ਨਸ਼ਾ ਤਸਕਰਾਂ ਨੂੰ ਸਜ਼ਾ ਦਰ ਵਧਣ ਦੇ ਨਾਲ-ਨਾਲ ਯੁੱਧ ਨਸ਼ਿਆਂ ਵਿਰੁੱਧ ਵਿੱਚ ਲੋਕਾਂ ਦੀ ਸ਼ਮੂਲੀਅਤ ਵਧੀ। ਉਨ੍ਹਾਂ ਕਿਹਾ ਕਿ ਦੂਜਾ ਪੜਾਅ ਸੂਬੇ ਵਿੱਚ ਡਰੱਗ ਨੈੱਟਵਰਕ ਨੂੰ ਖਤਮ ਕਰਨ ਲਈ ਪੰਜਾਬ ਨੂੰ ਇਕਜੁਟ ਕਰੇਗਾ।ਸੂਬੇ ਦੇ ਕੈਬਨਿਟ ਮੰਤਰੀ ਅਤੇ ਵਿਧਾਨ ਸਭਾ ਹਲਕਾ ਪੱਟੀ ਦੇ ਵਿਧਾਇਕ ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ, 'ਯੁੱਧ ਨਸ਼ਿਆਂ ਵਿਰੁੱਧ ਦੇ ਪਹਿਲੇ ਪੜਾਅ ਦੀ ਸ਼ਾਨਦਾਰ ਸਫਲਤਾ ਤੋਂ ਬਾਅਦ, ਦੂਜਾ ਪੜਾਅ ਅੱਜ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾ ਪੜਾਅ 1 ਮਾਰਚ 2025 ਨੂੰ ਲਗਭਗ 10 ਮਹੀਨੇ ਪਹਿਲਾਂ ਸ਼ੁਰੂ ਕੀਤਾ ਗਿਆ ਸੀ, ਅਤੇ ਜਿਸ ਇਮਾਨਦਾਰੀ, ਸਖ਼ਤ ਮਿਹਨਤ ਅਤੇ ਦ੍ਰਿੜਤਾ ਨਾਲ ਇਸ ਨੂੰ ਲਾਗੂ ਕੀਤਾ ਗਿਆ ਸੀ, ਉਹ ਪਹਿਲਾਂ ਕਦੇ ਨਹੀਂ ਦੇਖਿਆ ਗਿਆ, ਨਾ ਸਿਰਫ਼ ਪੰਜਾਬ ਵਿੱਚ ਸਗੋਂ ਦੇਸ਼ ਭਰ ਦੇ ਕਿਸੇ ਵੀ ਸੂਬੇ ਵਿੱਚ, ਨਸ਼ਿਆਂ ਵਿਰੁੱਧ ਲੜਾਈ ਏਨੇ ਵਿਆਪਕ ਢੰਗ ਨਾਲ ਨਹੀਂ ਲੜੀ ਗਈ। ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਅੱਜ 10 ਜਨਵਰੀ ਤੋਂ 30 ਜਨਵਰੀ ਦਰਮਿਆਨ ਇਸ ਲਹਿਰ ਵਿੱਚ ਪੂਰੇ ਸੂਬੇ ਨੂੰ ਸ਼ਾਮਲ ਕਰਨ ਲਈ ਪੰਜਾਬ ਦੇ ਹਰ ਗਲੀ , ਕੋਨੇ, ਮੁਹੱਲੇ ਅਤੇ ਪਿੰਡ ਵਿੱਚ ਪੈਦਲ ਯਾਤਰਾਵਾਂ ਕੱਢੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਦਾ ਦੂਜਾ ਪੜਾਅ ਪਹਿਲੇ ਪੜਾਅ ਨਾਲੋਂ ਵੀ ਵੱਧ ਸਫਲ ਹੋਵੇਗਾ। ਉਨ੍ਹਾਂ ਕਿਹਾ ਕਿ ਪੁਲਿਸ, ਸਿਵਲ ਪ੍ਰਸ਼ਾਸਨ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਰਗਰਮੀ ਨਾਲ ਕੰਮ ਕਰਨ ਨਾਲ ਪੰਜਾਬ ਦੇ ਲੋਕਾਂ ਨੂੰ ਹੁਣ ਇਕੱਠੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤਿੰਨ ਕਰੋੜ ਪੰਜਾਬੀ ਮਿਲ ਕੇ 'ਰੰਗਲਾ ਪੰਜਾਬ' ਅਤੇ ਨਸ਼ਾ ਮੁਕਤ ਪੰਜਾਬ ਬਣਾਉਣਗੇ।ਇਸ ਮੌਕੇ ਹਲਕਾ ਪੱਟੀ ਦੇ ਕੋਆਰਡੀਨੇਟਰ ਪਰਮਜੀਤ ਸਿੰਘ ਚੰਬਲ, ਬਲਾਕ ਕੋਆਰਡੀਨੇਟ ਗੁਰਦਿਆਲ ਸਿੰਘ, ਅਵਤਾਰ ਸਿੰਘ ਸਭਰਾ, ਬਲਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਸ਼ਾ ਮੁਕਤੀ ਮੋਰਚਾ ਦੇ ਵਲੰਟੀਅਰ, ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਲੋਕ ਹਾਜ਼ਰ ਸਨ।

# ਸਰਹਾਲੀ ਕਲਾਂ ਦੀ ਸੰਗਤ ਵੱਲੋਂ ਸੰਪਰਦਾਇ ਕਾਰ ਸੇਵਾ ਸਰਹਾਲੀ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਦਾ ਸਨਮਾਨ ਕੀਤਾ ਗਿਆ



**ਚੋਹਲਾ ਸਾਹਿਬ 10 ਜਨਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਹੜ੍ਹਾਂ ਦੌਰਾਨ ਕੀਤੇ ਮਹਾਨ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਅੱਜ ਸਰਹਾਲੀ ਕਲਾਂ ਦੀ ਸੰਗਤ ਵੱਲੋਂ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਲੈਫਟੀਨੈਂਟ ਕਮਾਂਡਰ ਕਿਰਪਾਲ ਸਿੰਘ ਸੰਧੂ ਲੁਧਿਆਣਾ ਵਾਲਿਆਂ ਨੇ ਆਖਿਆ, " ਹੜਾਂ ਵਿੱਚ ਜੋ ਸਮਾਜ ਸੇਵਾ ਹੋਈ ਹੈ ਉਸ ਵਿੱਚ ਧਾਰਮਿਕ ਜਥੇਬੰਦੀਆਂ ਦੀ ਪਹਿਲ ਰਹੀ ਹੈ। ਉਨਾਂ ਧਾਰਮਿਕ ਜਥੇਬੰਦੀਆਂ ਵਿੱਚ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦਾ ਨਾਂ ਆਪਣੇ ਆਪ ਜੁਬਾਨ ਤੇ ਆ ਜਾਂਦਾ ਹੈ। ਹੜਾਂ ਵਿੱਚ ਜਿਥੇ ਦਰਿਆਵਾਂ ਦੇ ਪਾਣੀਆਂ ਮੂਹਰੇ ਹਿੱਕ ਡਾਉਣੀ ਇੱਕ ਵੱਡਾ ਕੰਮ ਸੀ ਤੇ ਦੂਜਾ ਹੜ ਪੀੜਤਾਂ ਦੀ ਪੀੜਾ ਹਰਨ ਲਈ ਬਹੁਤ ਸਾਰੇ ਯਤਨਾਂ ਦੀ ਲੋੜ ਸੀ। ਇਹਨਾਂ ਸਾਰੇ ਕਾਰਜਾਂ ਨੂੰ ਸੰਤ ਬਾਬਾ ਸੁੱਖਾ ਸਿੰਘ ਜੀ ਅਤੇ ਸੰਤ ਬਾਬਾ ਹਾਕਮ ਸਿੰਘ ਜੀ ਨੇ ਮਹਾਨ ਸੈਨਾ ਨਾਇਕ ਵਜੋਂ ਅਗਵਾਈ ਦੇ ਕੇ ਬਾਖੂਬੀ ਨਿਭਾਇਆ। ਅੱਜ ਮਹਾਪੁਰਖ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਸਾਡਾ ਸੱਦਾ ਪ੍ਰਵਾਨ ਕਰਕੇ ਇਥੇ ਚਰਨ ਪਾਏ ਹਨ ਅਸੀਂ ਆਪ ਜੀ ਦਾ ਹਾਰਦਿਕ ਸਵਾਗਤ ਕਰਦੇ ਹਾਂ ਅਤੇ ਇਕ ਯਾਦਗਾਰੀ ਤਸਵੀਰ ਭੇਂਟ ਕਰਦੇ ਹਾਂ। ਇਸ ਮੌਕੇ ਲੈਫਟੀਨੈਂਟ ਕਮਾਂਡਰ ਕਿਰਪਾਲ ਸਿੰਘ ਸੰਧੂ ( ਲੁਧਿਆਣਾ ਵਾਲੇ) ਸਮੇਤ ਸ. ਸੰਤੋਖ ਸਿੰਘ, ਗੁਰਨਾਮ ਸਿੰਘ, ਸਿਮਰਜੀਤ ਕੌਰ ਅਸਿਸਟੈਂਟ ਪ੍ਰੋਫੈਸਰ (ਚੰਡੀਗੜ੍ਹ), ਹੈਡ ਗ੍ਰੰਥੀ ਬਾਬਾ ਬਲਦੇਵ ਸਿੰਘ (ਗੁਰਦੁਆਰਾ ਸਿੰਘ ਸਾਹਿਬ ਬਾਬਾ ਰਾਮ ਸਿੰਘ ਜੀ), ਜੁਗਰਾਜ ਸਿੰਘ, ਗੁਰਿੰਦਰਜੀਤ ਕੌਰ ਲੁਧਿਆਣਾ, ਅਰਸ਼ਦੀਪ ਸਿੰਘ ਤੂਰ (ਮੋਗਾ), ਸਤਨਾਮ ਸਿੰਘ ਬਿਸ਼ੰਬਰਪੁਰਾ, ਸੁਖਵਿੰਦਰ ਕੌਰ ਸਿਰਸਾ, ਛਿੰਦਰ ਕੌਰ ਸਿਰਸਾ, ਦਲਬੀਰ ਕੌਰ ਤਰਨ ਤਾਰਨ, ਸਾਹਿਬ ਸਿੰਘ ਸਾਬਕਾ ਸਰਪੰਚ, ਚੇਅਰਮੈਨ ਬਖਸ਼ੀਸ਼ ਸਿੰਘ, ਹਰਮਨ ਸਿੰਘ ਆਸਟਰੇਲੀਆ, ਤਲਵਿੰਦਰ ਸਿੰਘ ਆਸਟਰੇਲੀਆ, ਪ੍ਰੀਤਮ ਸਿੰਘ ਸੈਕਟਰੀ ਆਸਟਰੇਲੀਆ, ਜਥੇਦਾਰ ਬੀਰਾ ਸਿੰਘ, ਗਿਆਨੀ ਗੁਰਨੂਰ ਸਿੰਘ ਕਥਾਵਾਚਕ, ਗਿਆਨੀ ਗੁਰਪਾਲ ਸਿੰਘ ਕਵੀਸ਼ਰ, ਮਨਜਿੰਦਰ ਸਿੰਘ ਬੈਂਕ ਵਾਲੇ ਅਤੇ ਹੋਰ ਕਈ ਪਤਵੰਤਿਆਂ ਨੇ ਸ਼ਿਰਕਤ ਕੀਤੀ।

# ਬਾਬੇ ਸੋਹਣ ਸਿੰਘ ਭਕਨਾ ਦੀ ਸਲਾਨਾ ਬਰਸੀ ਵਿੱਚ ਸਾਮਲ ਹੋਣ ਲਈ ਚਲ ਪਿਆ ਸੀ



ਮੈ ਆਪਣੇ ਮੋਟਰਸਾਈਕਲ ਤੇ ਘਰੋਂ ਨੌ ਵਜੇ,ਬਾਬੇ ਸੋਹਣ ਸਿੰਘ ਭਕਨਾ ਦੀ ਸਲਾਨਾ ਬਰਸੀ ਵਿੱਚ ਸਾਮਲ ਹੋਣ ਲਈ ਚਲ ਪਿਆ ਸੀ। ਮੈ ਸਹਿਦ ਵੇਚਣ ਲਈ ਲੋੜ ਮੁਤਾਬਿਕ ਮੋਟਰਸਾਈਕਲ ਤੇ ਰੱਖ ਲਿਆ ਸੀ। 45 ਕਿਲੋਮੀਟਰ ਦਾ ਪੈਂਡਾ ਹੋਣ ਕਰਕੇ ਮੈ ਨਾਲ ਆਪਣਾ ਇਕ ਸਹਾਇਕ ਦਾ ਸਾਥ ਵੀ ਬਣਾ ਲਿਆ ਸੀ। ਅਸੀਂ ਸਾਢੇ ਦਸ ਵਜੇ ਬਾਬੇ ਸੋਹਣ ਸਿੰਘ ਦੀ ਕਰਮ ਭੂਮੀ ਦੇ ਹਾਈ ਸਕੂਲ ਵਿੱਚ ਪਹੁੰਚ ਗਏ ਸੀ। ਮੈ ਸਹਿਦ ਵੇਚਣ ਲਈ ਲੋੜ ਮੁਤਾਬਿਕ ਮੋਟਰਸਾਈਕਲ ਤੇ ਰੱਖ ਲਿਆ ਸੀ। 45 ਕਿਲੋਮੀਟਰ ਦਾ ਪੈਂਡਾ ਹੋਣ ਕਰਕੇ ਮੈ ਨਾਲ ਆਪਣਾ ਇਕ ਸਹਾਇਕ ਦਾ ਸਾਥ ਵੀ ਬਣਾ ਲਿਆ ਸੀ। ਅਸੀਂ ਸਾਢੇ ਦਸ ਵਜੇ ਬਾਬੇ ਸੋਹਣ ਸਿੰਘ ਦੀ ਕਰਮ ਭੂਮੀ ਦੇ ਹਾਈ ਸਕੂਲ ਵਿੱਚ ਪਹੁੰਚ ਗਏ ਸੀ। ਹਾਲੇ ਪਰੋਗਰਾਮ ਦੀ ਤਿਆਰੀ ਬਲਕਾਰ ਸਿੰਘ ਵਲਟੋਹਾ ਕਰਵਾ ਰਹੇ ਸਨ। ਭਾਵ ਕੁਰਸੀਆਂ ਨੂੰ ਗੱਡੀ ਵਿੱਚੋ ਉਤਾਰ ਕੇ ਬਹਿਰੇ ਲਾਈਨਾਂ ਵਿੱਚ ਲਗਾ ਰਹੇ ਸਨ।

ਪਰੰਤੂ ਦੂਜੇ ਪਾਸੇ ਬਾਬੇ ਸੋਹਣ ਸਿੰਘ ਭਕਨਾ ਦੀ ਸਮਾਧ ਤੇ ਸੁਖਮਨੀ ਸਹਿਬ ਦਾ ਭੋਗ ਪੈ ਗਿਆ ਸੀ। ਕਵੀਸ਼ਰੀ ਜੱਥਾ ਬਾਬੇ ਜੀ ਦਾ ਇਤਿਹਾਸ ਥੋੜੀ ਜਿਹੀ ਗਿਣਤੀ ਵਿੱਚ ਆਏ ਲੋਕਾਂ ਵਿੱਚ ਪੇਸ਼ ਕਰ ਰਿਹਾ ਸੀ। ਚਾਰ ਅਤੇ ਪਕੋੜਿਆ ਦਾ ਲੰਗਰ ਸੁਰੂ ਹੋ ਚੁੱਕਾ ਸੀ। ਅਸੀਂ ਵੀ ਚਾਹ ਨਾਲ ਪਕੌੜੇ ਖਾ ਕੇ ਪੇਟ ਪੂਜਾ ਕਰ ਲਈ ਸੀ। ਬਾਬਾ ਜੀ ਦੀ ਸਮਾਧ ਨੂੰ ਨਮਸਕਾਰ ਕਰਕੇ ਅਸੀਂ ਮੁੜ ਸਕੂਲ ਦੀ ਗਰਾਉਡ ਵਿੱਚ ਆ ਗਏ ਸੀ।

ਇਸ ਪਾਸੇ ਸਵਾ ਬਾਰਾ ਵਜੇ ਮੇਰੀ ਕਵਿਤਾ ਗਦਰੀ ਬਾਬਿਆਂ ਨੂੰ ਸਲਾਮ ਨਾਲ ਪਰੋਗਰਾਮ ਦੀ ਸੁਰੂ ਸੁਰੂਆਤ ਕੀਤੀ ਗਈ ਸੀ। ਮੈਨੂੰ ਬਲਕਾਰ ਸਿੰਘ ਵਲਟੋਹਾ ਨੇ ਕਵਿਤਾ ਬੋਲਣ ਲਈ ਸਭ ਤੋਂ ਪਹਿਲਾਂ ਟਾਇਮ ਦਿੱਤਾ ਸੀ। ਮੇਰੇ ਤੋ ਬਾਅਦ ਲਹਿਰੀ ਮੀਆਂਪੁਰ ਵਾਲੇ ਆਪਣੀ ਕਵਿਤਾ ਪੇਸ਼ ਕੀਤੀ ਸੀ। ਉਸ ਤੋ ਬਾਅਦ ਕਵੀਸ਼ਰੀ ਜਥੇ ਨੇ ਗਦਰੀ ਬਾਬਿਆਂ ਦੇ ਇਤਿਹਾਸ ਨਾਲ ਆਪਣਾ ਰੰਗ ਬੰਨ੍ਹ ਦਿੱਤਾ ਸੀ। ਅਸੀਂ ਆਪਣੀ ਸਹਿਦ ਦੀ ਸਟਾਲ ਢੁਕਵੇਂ ਟਿਕਾਣੇ ਤੇ ਲਾ ਲਈ ਸੀ। ਬਲਕਾਰ ਸਿੰਘ ਵਲਟੋਹਾ ਸਾਨੂੰ 150 ਕਲੰਡਰ ਵੇਚਣ ਲਈ ਸਾਡੇ ਟੇਬਲ ਤੇ ਰੱਖ ਗਿਆ ਸੀ। ਜਿਸ ਵਿੱਚੋਂ ਲੱਗਭੱਗ ਅਸੀਂ 80 ਕਲੰਡਰ ਵੇਚ ਕੇ ਉਹਨਾਂ ਨੂੰ ਪੈਸੇ ਦੇ ਦਿੱਤੇ ਸਨ। ਕਵੀਸ਼ਰੀ ਜੱਥਾ ਵੀ ਪ੍ਰਿਥੀਪਾਲ ਮਾੜੀ ਮੇਗਾ ਰਾਹੀਂ ਆਪਣੀਆਂ ਪੱਚੀ ਕਿਤਾਬਾਂ ਵੇਚਣ ਲਈ ਸਾਡੇ ਟੇਬਲ ਤੇ ਰੱਖ ਗਿਆ ਸੀ। ਸੌ ਰੁਪਏ ਕਿਤਾਬ ਦਾ ਰੇਟ ਸੀ। ਅਸੀਂ ਉਸ ਦੀਆਂ ਸਤਾਰਾਂ ਕਿਤਾਬਾਂ ਵੇਚ ਦਿਤੀਆਂ ਸਨ। ਅਖੀਰ ਤੇ ਖੁਸ਼ ਹੋ ਕੇ ਸੌ ਰੁਪਏ ਉਹ ਮੇਰੇ ਸਹਾਇਕ ਨੂੰ ਦੇ ਗਏ ਸਨ। ਮੇਰਾ ਵੀ ਸਹਿਦ ਚੰਗਾ ਵਿਕ ਗਿਆ ਸੀ। ਇਸ ਮੇਲੇ ਵਿੱਚ ਤਰਕਸ਼ੀਲ ਸੁਸਾਇਟੀ ਵਲੋਂ ਸੁਮੀਤ ਜੀ ਅਤੇ ਦਸ ਕੌ ਹੋਰ ਵੱਖ-ਵੱਖ ਇਕਾਈਆਂ ਤੇ ਤਰਕਸ਼ੀਲ ਮੈਬਰ ਪਹੁੰਚੇ ਸਨ।ਇਹ ਮੇਲਾ ਬਹੁਤ ਅਨੰਦਮਈ ਸੀ। ਲੰਗਰ ਦਾ ਬਹੁਤ ਢੁਕਵਾਂ ਪਰਬੰਧ ਸੀ। ਬਹੁਤ ਠੰਡ ਦੇ ਬਾਵਜੂਦ ਵੀ ਤਿੰਨ ਚਾਰ ਸੌ ਵਿਆਕਤੀ ਇਸ ਮੇਲੇ ਵਿੱਚ ਪਹੁੰਚਿਆ ਸੀ।

ਇਸ ਮੇਲੇ ਵਿੱਚ ਅਹਿਮ ਭੂਮਿਕਾ,ਤਿਆਰੀ ਤੋ ਲੈ ਕੇ ਮੇਲੇ ਦੀ ਸਮਾਪਤੀ ਤੱਕ ਬਲਕਾਰ ਸਿੰਘ ਵਲਟੋਹਾ ਨੇ ਨਿਭਾਈ ਸੀ। ਸਟੇਜ ਸੈਕਟਰੀ ਦੀ ਜਿੰਮੇਵਾਰੀ ਵੀ ਸੁਚੱਜੇ ਢੰਗ ਨਾਲ ਬਲਕਾਰ ਸਿੰਘ ਵਲਟੋਹਾ ਨੇ ਨਿਭਾਈ ਸੀ। ਪਰੰਤੂ ਤਰਕਸ਼ੀਲ ਆਗੂ ਸੁਮੀਤ ਜੀ ਨੂੰ ਬੋਲਣ ਲਈ ਟਾਇਮ ਨਾ ਦੇਣ ਦੀ ਘਾਟ ਨੇ ਮੈਨੂੰ ਪਰੇਸ਼ਾਨ ਜਰੂਰ ਕੀਤਾ ਸੀ। ਇਸ ਮੇਲੇ ਵਿੱਚ ਤਰਕਸ਼ੀਲ ਸੁਸਾਇਟੀ ਵਲੋਂ ਸੁਮੀਤ ਜੀ ਅਤੇ ਦਸ ਕੌ ਹੋਰ ਵੱਖ-ਵੱਖ ਇਕਾਈਆਂ ਤੋ ਤਰਕਸ਼ੀਲ ਮੈਬਰ ਪਹੁੰਚੇ ਸਨ।ਮੈ ਪਿਛਲੇ ਪੰਜ ਛੇ ਸਾਲ ਤੋ ਬਾਬਾ ਜੀ ਦਾ ਮੇਲਾ ਹਰੇਕ ਸਾਲ ਵੇਖ ਰਿਹਾ ਹਾ। ਫੋਟੋ ਵਿੱਚ ਮੇਰੇ ਨਾਲ ਡਾਕਟਰ ਸਮਸ਼ੇਰ ਹੇਅਰ,ਮੇਰਾ ਸਹਾਇਕ ਅਤੇ ਸੁਖਵਿੰਦਰ ਸਿੰਘ ਖਾਰਾ ਵਿਖਾਈ ਦੇ ਰਹੇ ਹਨ। 9530579174


Kisan AUTOMOBILES
ਤੁਹਾਡੀ ਆਪਣੀ
Hero
ਕਿਸਾਨ ਹੀਰੋ ਅਜੰਸੀ
ਚੋਹਲਾ ਸਾਹਿਬ
ਵੱਲੋਂ
ਦੀਵਾਲੀ ਧਮਾਕਾ
ਸਪਲੈਂਡਰ
HF-DELUX
ਨਾਲ ਪਾਓ
ਫ੍ਰੀ ਗਿਫਟ
DP 9999/-
DP 6999/-
ਪਹਿਲਾ ਦੀ ਤਰ੍ਹਾਂ ਇਸ ਵਾਰ ਵੀ
ਘੱਟ ਰੇਟ
ਘੱਟ ਕਾਗਜ਼ੀ ਕਾਰਵਾਈ
ਘੱਟ ਵਿਆਜ ਦਰ
ਮੌਕੇ ਤੇ ਬੈਂਕ ਲੋਨ
ਪੁਰਾਣਾ ਮੋਟਰ ਸਾਈਕਲ ਵਿੱਚ ਦੇ ਕੇ ਨਵਾਂ ਲੈਣ ਤੇ ਪਾਓ 2000/- ਦੀ ਛੋਟ+ ਨਾਲ 5 ਲੀਟਰ ਪੈਟਰੋਲ
ਵੱਧ ਆਫਰਾਂ ਦਾ ਲਾਭ ਲੈਣ ਲਈ ਜਲਦੀ ਆਓ
ਕਿਸਾਨ ਆਟੋਮੋਬਾਈਲਜ਼
ਨੇੜੇ ਪਟਰੋਲ ਪੰਪ, ਸਰਹਾਲੀ ਰੋਡ, ਚੋਹਲਾ ਸਾਹਿਬ (ਤਰਨ ਤਾਰਨ)
M: 81467-57144, 94787-57144, 70972-42000


ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ
ਗੁਰੂ ਅਰਜਨ ਦੇਵ ਖਾਲਸਾ ਕਾਲਜ
ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ
ਸ੍ਰ. ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ
ਜਥੇ. ਗੁਰਬਚਨ ਸਿੰਘ ਕਰਮੂੰਵਾਲਾ
ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ
Courses Offered
Post Graduation : • M.Sc. (Comp. Sci.) • M.Com.
Graduation : • BCA • B.Sc.(IT)
• B.Sc. (Comp. Sci.) • B.Sc. (Eco.) • B.Sc. (N.Med.)
• BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ
10+1 & 10+2
Medical, Non-Medical, Commerce and Arts
ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ
• Diploma in Artificial Intelligence
• Diploma in Cyber Security
• Certification Course in Digital Marketing
• Certification Course in Nanny Care
Affiliated to Jagat Guru Nanak Dev Punjab State Open University, Patiala
ਵਿਸ਼ੇਸ਼ਤਾਵਾਂ
ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
ਅਤਿ-ਆਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ
ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ


ਵਿਦਿਆ ਦਾ ਗੁਰੂਕੁਲ ਗਿਆਨ ਦਾ ਸਾਗਰ
ਸ਼ਿਪਸ ਇੰਸਟੀਚਿਊਟਸ, ਰਾਣੀਵਲਾਹ
ਤਰਨ ਤਾਰਨ
SHIPS LONDON
KIDS PLAY PEN SCHOOL
What makes us Special?
• Loving and Caring Environment
• Dedicated Teachers and Staff
• Individual Education Plans
• Smart Class Room
• Creative Corner
• Big Outdoor Play Area
Admission Open
There is no Better Secure, Safe and Fun Place to Leave your Kid than in this School
Transport Facility Available
ਗੁਲਵਿੰਦਰ ਸਿੰਘ ਸੰਧੂ
ਡਾਇਰੈਕਟਰ
ਨਿਰਭੈਅ ਸਿੰਘ
ਪ੍ਰਿੰਸੀਪਲ
School Time : 10-00 am to 12-00 p.m.
Village Raniwallah, Chohla Sahib, TARN TARAN.
Mob. : 98148-64435, 98148-64437


MSM CONVENT SCHOOL
DHUN ROAD, CHOHLA SAHIB,
DISTT. TARN TARAN
Affiliated to CBSE New Delhi
ADMISSION OPEN
PLAYWAY TO XII
• Medical • Non-Medical
• Commerce • Arts Stream
*Age criteria as on 31st March
Playway : 2+ Years
Nursery : 3 to 4 Years
LKG : 4 to 5 Years
UKG : 5 to 6 Years
FREE ADMISSION
IN PLAYWAY NURSERY & LKG
for First 50 seats only
• Digital & Smart School • Parent's Orientation
• Emphasis on Creativity, Innovation, Public Speaking & Theatre
• Extensive Sports facilities like Cricket, Basketball, Kabaddi, Wrestling, Badminton, Football, Chess etc.
• FAP State Award for best sports facilities
• FAP National Award for budget-friendly School
• Holistic Development through Experiential Learning
50% Off
IN ADMISSION CHARGES FOR ALL CLASSES
for First 50 seats only
For Career opportunity : msmconventschool@gmail.com
Limited Seats Available
So Hurry Up! Call Now : 8288073538
msmconventschool@gmail.com
www.msmconventschool.com


ਵੈਬਸਾਇਟ
ਬਣਵਾਉਣ ਲਈ
ਸੰਪਰਕ ਕਰੋ
+91 99881 82740


CALLSTEM SOFTWARE LLP
Unlock your business's true potential with our expertise. Join us today and watch your brand soar!
OUR SERVICES
• Web Design and Development
• Mobile Application Development
• Social Media Management & Marketing
• Graphics Designing
• Custom Software Solutions
Contact - 9463661542

# ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਬਾਬਾ ਫਰੀਦ ਯੂਨੀਵਰਸਿਟੀ ਦੀ ਸਾਲਾਨਾ ਕਨਵੋਕੇਸ਼ਨ ਦੀ ਸ਼ੋਭਾ ਵਧਾਈ




**ਫਰੀਦਕੋਟ/ਚੋਹਲਾ ਸਾਹਿਬ 10 ਜਨਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (BFUHS), ਫ਼ਰੀਦਕੋਟ ਦੇ ਕੰਨਸਟੀਚਿਊਟ ਕਾਲਜਾਂ ਦੀ ਸਾਲਾਨਾ ਕਨਵੋਕੇਸ਼ਨ ਅੱਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫ਼ਰੀਦਕੋਟ ਦੇ ਆਡੀਟੋਰੀਅਮ ਵਿੱਚ ਅਕਾਦਮਿਕ ਗੌਰਵ ਨਾਲ ਆਯੋਜਿਤ ਕੀਤੀ ਗਈ। ਇਸ ਮੌਕੇ 'ਤੇ ਮਾਣਯੋਗ ਸ਼੍ਰੀ ਗੁਲਾਬ ਚੰਦ ਕਟਾਰੀਆ, ਰਾਜਪਾਲ ਪੰਜਾਬ ਅਤੇ ਚਾਂਸਲਰ BFUHS, ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।ਕਨਵੋਕੇਸ਼ਨ ਦੌਰਾਨ BFUHS ਦੇ ਕੰਨਸਟੀਚਿਊਟ ਕਾਲਜਾਂ ਦੇ 139 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ, ਜਦਕਿ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਲਈ 10 ਸੋਨੇ ਦੇ ਅਤੇ 11 ਚਾਂਦੀ ਦੇ ਤਗਮੇ ਵੀ ਦਿੱਤੇ ਗਏ। ਇਹ ਸਮਾਰੋਹ ਯੂਨੀਵਰਸਿਟੀ ਅਤੇ ਨਵੇਂ ਤਿਆਰ ਹੋਏ ਸਿਹਤ ਪੇਸ਼ੇਵਰਾਂ ਲਈ ਇੱਕ ਮਹੱਤਵਪੂਰਨ ਉਪਲਬਧੀ ਦਾ ਪ੍ਰਤੀਕ ਬਣਿਆ।

ਸਮਾਰੋਹ ਦੌਰਾਨ ਕਈ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ ਗਈ, ਜਿਨ੍ਹਾਂ ਵਿੱਚ ਹਿਊਮਨ ਮਿਲਕ ਬੈਂਕ ਦਾ ਈ-ਉਦਘਾਟਨ, BFUHS ਦੇ ਝੰਡੇ ਅਤੇ ਯੂਨੀਵਰਸਿਟੀ ਐਂਥਮ ਦੀ ਅਧਿਕਾਰਿਕ ਸ਼ੁਰੂਆਤ, ਕੋਟਕ ਮਹਿੰਦਰਾ ਬੈਂਕ ਦੀ CSR ਯੋਜਨਾ ਅਧੀਨ ਬਲੱਡ ਡੋਨੇਸ਼ਨ ਵੈਨ, ਅਤੇ ਈ-ਪਹਿਲਕਦਮੀਆਂ ਤੇ HSLIBNET ਕਨਸੋਰਸ਼ੀਅਮ ਬਾਰੇ ਵਿਸ਼ੇਸ਼ ਪੁਸਤਿਕਾ ਦਾ ਜਾਰੀ ਕੀਤਾ ਜਾਣਾ ਸ਼ਾਮਲ ਸਨ, ਜੋ ਸਿਹਤ ਵਿਗਿਆਨ ਸਿੱਖਿਆ ਅਤੇ ਡਿਜ਼ਿਟਲ ਪਹੁੰਚ ਨੂੰ ਹੋਰ ਮਜ਼ਬੂਤ ਕਰਨ ਵੱਲ ਕੇਂਦਰਿਤ ਹਨ।ਇਸ ਸਮਾਰੋਹ ਵਿੱਚ ਕਈ ਪ੍ਰਮੁੱਖ ਹਸਤੀਆਂ ਹਾਜ਼ਰ ਸਨ, ਜਿਨ੍ਹਾਂ ਵਿੱਚ ਸ਼੍ਰੀ ਅਨੁਰਾਗ ਕੁੰਦ੍ਰ, ਮੈਂਬਰ ਪੰਜਾਬ ਵਿਕਾਸ ਕਮਿਸ਼ਨ; ਸ. ਗੁਰਦਿੱਤ ਸਿੰਘ ਸੇਖੋਂ, ਮੈਂਬਰ ਬੋਰਡ ਆਫ਼ ਮੈਨੇਜਮੈਂਟ ਅਤੇ ਵਿਧਾਇਕ ਫ਼ਰੀਦਕੋਟ; ਡਾ. ਰਜਿੰਦਰ ਬਾਂਸਲ, ਮੈਂਬਰ BoM; ਸ਼੍ਰੀਮਤੀ ਪੂਨਮਦੀਪ ਕੌਰ, IAS, ਡਿਪਟੀ ਕਮਿਸ਼ਨਰ ਫ਼ਰੀਦਕੋਟ; ਡਾ. ਪ੍ਰਗਿਆ ਜੈਨ, IPS, ਸੀਨੀਅਰ ਸੁਪਰਡੈਂਟ ਆਫ਼ ਪੁਲਿਸ, ਫ਼ਰੀਦਕੋਟ; ਸ਼੍ਰੀ ਅਰਵਿੰਦ ਕੁਮਾਰ, ਰਜਿਸਟਰਾਰ; ਡਾ. ਰਾਜੀਵ ਸ਼ਰਮਾ, ਕੰਟਰੋਲਰ ਆਫ਼ ਇਗਜ਼ਾਮੀਨੇਸ਼ਨਜ਼; ਡਾ. ਦੀਪਕ ਜੇ. ਭੱਟੀ, ਡੀਨ ਕਾਲਜਜ਼; ਅਤੇ ਡਾ. ਸੰਜੇ ਗੁਪਤਾ, ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਸ਼ਾਮਲ ਸਨ। ਇਸ ਸਮਾਗਮ ਵਿੱਚ ਕੰਨਸਟੀਚਿਊਟ ਕਾਲਜਾਂ ਦੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਵੀ ਹਾਜਰੀ ਭਰੀ।ਸਮਾਰੋਹ ਨੂੰ ਸੰਬੋਧਨ ਕਰਦਿਆਂ ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਚਿਕਿਤਸਾ ਸਿੱਖਿਆ, ਸਿਹਤ ਸੇਵਾਵਾਂ, ਟਿਕਾਊ ਵਿਕਾਸ ਅਤੇ ਡਿਜ਼ਿਟਲ ਤਬਦੀਲੀ ਦੇ ਖੇਤਰ ਵਿੱਚ BFUHS ਦੀਆਂ ਉਲਲੇਖਣੀਯ ਉਪਲਬਧੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਯੂਨੀਵਰਸਿਟੀ ਦੀਆਂ ਹੈਲਥ ਸਕਿਲਿੰਗ ਪਹਿਲਕਦਮੀਆਂ, ਉਦਯੋਗਕ ਸਾਂਝੇਦਾਰੀਆਂ ਅਤੇ ਰੁਜ਼ਗਾਰ-ਕੇਂਦਰਿਤ ਸਿੱਖਿਆ ਵੱਲ ਕੀਤੇ ਜਾ ਰਹੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ BFUHS ਅਕਾਦਮਿਕ ਉਤਕ੍ਰਿਸ਼ਟਤਾ, ਦਇਆ, ਨਵੀਨਤਾ ਅਤੇ ਵਾਤਾਵਰਣਕ ਜ਼ਿੰਮੇਵਾਰੀ ਦਾ ਸੁੰਦਰ ਸੰਯੋਗ ਬਣ ਕੇ ਪੰਜਾਬ ਲਈ ਇੱਕ ਮਾਡਲ ਸੰਸਥਾ ਵਜੋਂ ਉਭਰੀ ਹੈ।ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ, BFUHS, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਕਨਵੋਕੇਸ਼ਨ ਵਿਦਿਆਰਥੀਆਂ ਲਈ ਇੱਕ ਨਿਰਣਾਇਕ ਪੜਾਅ ਹੈ, ਜਿੱਥੋਂ ਉਹ ਯੋਗ ਅਤੇ ਦਇਆਲੂ ਸਿਹਤ ਸੇਵਕ ਵਜੋਂ ਸਮਾਜ ਦੀ ਸੇਵਾ ਕਰਨ ਲਈ ਤਿਆਰ ਹੋ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ 2023 ਤੋਂ 2025 ਦਾ ਸਮਾਂ ਯੂਨੀਵਰਸਿਟੀ ਦੇ ਇਤਿਹਾਸ ਦਾ ਸੁਨਹਿਰੀ ਦੌਰ ਰਿਹਾ ਹੈ, ਜਿਸ ਦੌਰਾਨ GGSMC ਫ਼ਰੀਦਕੋਟ ਵਿੱਚ MBBS ਸੀਟਾਂ ਦੀ ਦੁੱਗਣੀ ਗਿਣਤੀ, ਨਵੀਂ ਵਿਸ਼ੇਸ਼ਤਾ ਅਤੇ ਸੁਪਰ-ਵਿਸ਼ੇਸ਼ਤਾ ਵਿਭਾਗਾਂ ਦੀ ਸਥਾਪਨਾ, ਡਿਜ਼ਿਟਲ ਅਤੇ ਲਾਇਬ੍ਰੇਰੀ ਢਾਂਚੇ ਦੀ ਮਜ਼ਬੂਤੀ, ਨਵੇਂ ਅਕਾਦਮਿਕ ਕੋਰਸਾਂ ਦੀ ਸ਼ੁਰੂਆਤ, PhD ਪ੍ਰੋਗਰਾਮਾਂ ਦੀ ਮੁੜ ਸ਼ੁਰੂਆਤ, ਪੰਜਾਬ ਸਰਕਾਰ ਦੀ ਨੀਤੀ ਅਧੀਨ ਕਰਮਚਾਰੀਆਂ ਦੀ ਰੈਗੂਲਰਾਈਜ਼ੇਸ਼ਨ ਅਤੇ ਅੰਤਰਰਾਸ਼ਟਰੀ ਗ੍ਰੀਨ ਯੂਨੀਵਰਸਿਟੀ ਅਵਾਰਡ ਵਰਗੀਆਂ ਉਪਲਬਧੀਆਂ ਹਾਸਲ ਕੀਤੀਆਂ ਗਈਆਂ।

ਉਨ੍ਹਾਂ ਨੇ ਇਹ ਵੀ ਦੱਸਿਆ ਕਿ BFUHS ਵੱਲੋਂ PMKVY 4.0 ਅਧੀਨ ਵਿੱਤ ਵਰ੍ਹਾ 2025–26 ਲਈ ਸ਼ਾਰਟ ਟਰਮ ਟ੍ਰੇਨਿੰਗ (STT) ਪ੍ਰੋਗਰਾਮ ਹੈਲਥ ਅਤੇ ਕੇਅਰਗਿਵਿੰਗ ਸੈਕਟਰ ਵਿੱਚ ਸ਼ੁਰੂ ਕੀਤਾ ਗਿਆ ਹੈ, ਜਿਸ ਅਧੀਨ ਜੈਰੀਐਟ੍ਰਿਕ ਕੇਅਰਗਿਵਰ ਅਤੇ ਐਲਡਰਲੀ ਕੇਅਰਟੇਕਰ ਦੇ ਕੋਰਸ ਸ਼ਾਮਲ ਹਨ। ਉਨ੍ਹਾਂ ਅਨੁਸਾਰ MSDE ਵੱਲੋਂ 25,000 ਉਮੀਦਵਾਰਾਂ ਦਾ ਟਾਰਗੇਟ ਨਿਰਧਾਰਤ ਕੀਤਾ ਗਿਆ ਹੈ ਅਤੇ ਇਹ ਯੋਜਨਾ AIIMS ਬਠਿੰਡਾ ਨੂੰ ਨੋਡਲ ਸੈਂਟਰ ਅਤੇ BFUHS ਨੂੰ ਹੱਬ ਬਣਾਕੇ ਹੱਬ ਐਂਡ ਸਪੋਕ ਮਾਡਲ ਅਧੀਨ ਲਾਗੂ ਕੀਤੀ ਜਾਵੇਗੀ।

ਡਾ. ਗੁਰਪ੍ਰੀਤ ਸਿੰਘ ਵਾਂਡਰ, ਚੇਅਰਮੈਨ, ਬੋਰਡ ਆਫ਼ ਮੈਨੇਜਮੈਂਟ, BFUHS, ਨੇ ਡਿਗਰੀ ਪ੍ਰਾਪਤ ਕਰਨ ਵਾਲਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਮਾਜ ਸਿਹਤ ਪੇਸ਼ੇਵਰਾਂ 'ਤੇ ਵੱਡਾ ਭਰੋਸਾ ਕਰਦਾ ਹੈ। ਉਨ੍ਹਾਂ ਨੇ ਆਜੀਵਨ ਸਿੱਖਿਆ, ਦਇਆ-ਆਧਾਰਿਤ ਚਿਕਿਤਸਾ ਅਤੇ ਤੇਜ਼ੀ ਨਾਲ ਬਦਲ ਰਹੀ ਮੈਡੀਕਲ ਤਕਨਾਲੋਜੀ ਨਾਲ ਤਾਲਮੇਲ ਬਿਠਾਉਣ ਦੀ ਲੋੜ 'ਤੇ ਜ਼ੋਰ ਦਿੱਤਾ।ਸਮਾਰੋਹ ਦਾ ਸਮਾਪਨ ਸ. ਗੁਰਮੀਤ ਸਿੰਘ ਖੁੱਡੀਆਂ, ਮਾਣਯੋਗ ਕੈਬਨਿਟ ਮੰਤਰੀ, ਪੰਜਾਬ, ਵੱਲੋਂ ਵੋਟ ਆਫ਼ ਥੈਂਕਸ ਨਾਲ ਕੀਤਾ ਗਿਆ। ਉਨ੍ਹਾਂ ਨੇ ਯੂਨੀਵਰਸਿਟੀ, ਅਧਿਆਪਕ ਵਰਗ, ਮਾਪਿਆਂ ਅਤੇ ਵਿਦਿਆਰਥੀਆਂ ਨੂੰ ਇਸ ਗੌਰਵਪੂਰਨ ਅਕਾਦਮਿਕ ਉਪਲਬਧੀ ਲਈ ਵਧਾਈ ਦਿੱਤੀ ਅਤੇ ਗ੍ਰੈਜੂਏਟਸ ਨੂੰ ਸੇਵਾ, ਇਮਾਨਦਾਰੀ ਅਤੇ ਪੇਸ਼ਾਵਰ ਉਤਕ੍ਰਿਸ਼ਟਤਾ ਨਾਲ ਭਰਪੂਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਹ ਕਨਵੋਕੇਸ਼ਨ BFUHS ਦੀ ਪੰਜਾਬ ਅਤੇ ਦੇਸ਼ ਲਈ ਕੁਸ਼ਲ, ਨੈਤਿਕ ਅਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਸਿਹਤ ਪੇਸ਼ੇਵਰ ਤਿਆਰ ਕਰਨ ਦੀ ਵਚਨਬੱਧਤਾ ਨੂੰ ਦੁਹਰਾਉਂਦੀ ਹੈ।



ਮੋਹਾਲੀ ਖੇਡ ਸਟੇਡੀਅਮ ਦੀ ਇੱਕ ਮਨਮੋਹਕ ਤਸਵੀਰ, ਜਿੱਥੇ ਬੱਚੇ ਸ਼ੋਸ਼ਲ ਮੀਡੀਆ ਦੀ ਜਗ੍ਹਾ ਖੇਡਾਂ ਵੱਲ ਧਿਆਨ ਦਿੰਦੇ ਹੋਏ। ਫੋਟੋ ਤੇ ਵੇਰਵਾ : ਪਰਮਿੰਦਰ ਚੋਹਲਾ।

# ਏਆਈ ਤਕਨੀਕ ਦੀ ਦੁਰਵਰਤੋਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਗ਼ਲਤ ਤਸਵੀਰ ਬਣਾਏ ਜਾਣ ਦਾ ਸ਼੍ਰੋਮਣੀ ਕਮੇਟੀ ਨੇ ਲਿਆ ਸਖ਼ਤ ਨੋਟਿਸ



ਚੋਹਲਾ ਸਾਹਿਬ 10 ਜਨਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਆਰਟੀਫੀਸ਼ਲ ਇੰਟੈਲੀਜੈਂਸ (ਏਆਈ) ਤਕਨੀਕ ਦੀ ਦੁਰਵਰਤੋਂ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਗ਼ਲਤ ਤਸਵੀਰ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਜਾਣ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲੈਂਦਿਆਂ ਦੋਸ਼ੀ ਖ਼ਿਲਾਫ਼ ਕਾਰਵਾਈ ਲਈ ਸਾਈਬਰ ਕਰਾਈਮ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸਕੱਤਰ ਸ. ਪ੍ਰਤਾਪ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ 'ਚ ਦੋਸ਼ੀ ਦੀ ਪਛਾਣ ਕਰਕੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ। ਇਸ ਸਬੰਧੀ ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਦਾ ਕੇਂਦਰੀ ਅਸਥਾਨ ਹੈ, ਜਿਥੋਂ ਸਮੁੱਚੀ ਮਾਨਵਤਾ ਨੂੰ ਸਰਬਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ ਦੀਆਂ ਗ਼ਲਤ ਤਰੀਕੇ ਨਾਲ ਪੇਸ਼ ਤਸਵੀਰਾਂ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰਦੀਆਂ ਹਨ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਪਹਿਲਾਂ ਵੀ ਕਈ ਵਾਰ ਅਜਿਹੀਆਂ ਹਰਕਤਾਂ ਹੋਈਆਂ ਹਨ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਸਾਈਬਰ ਕਰਾਈਮ ਸੈੱਲ ਨੂੰ ਸ਼ਿਕਾਇਤ ਕਰਨ ਦੇ ਬਾਵਜੂਦ ਵੀ ਕਿਸੇ ਤਰ੍ਹਾਂ ਦੀ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਗਈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਸਵਾਲ ਕਰਨ ਵਾਲਿਆਂ ਖ਼ਿਲਾਫ਼ ਤਾਂ ਤੁਰੰਤ ਐਕਸ਼ਨ ਕਰਦਿਆਂ ਪਰਚਾ ਦਰਜ ਹੋ ਜਾਂਦਾ ਹੈ ਅਤੇ ਸੋਸ਼ਲ ਅਕਾਊਂਟ ਵੀ ਬੰਦ ਕਰ ਦਿੱਤੇ ਜਾਂਦੇ ਹਨ, ਪ੍ਰੰਤੂ ਸੰਗਤਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਖ਼ਿਲਾਫ਼ ਢੁੱਕਵੀਂ ਕਾਰਵਾਈ ਨਾ ਕਰਨੀ ਵੱਡੇ ਸਵਾਲ ਪੈਦਾ ਕਰਦੀ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ ਇਹ ਬੇਹੱਦ ਸੰਜੀਦਾ ਤੇ ਗੰਭੀਰ ਮਾਮਲਾ ਹੈ, ਜਿਸ ਦੇ ਦੋਸ਼ੀ ਖ਼ਿਲਾਫ਼ ਮਿਸਾਲੀ ਕਾਰਵਾਈ ਹੋਣੀ ਚਾਹੀਦੀ ਹੈ, ਤਾਂ ਜੋ ਅੱਗੇ ਤੋਂ ਕੋਈ ਅਜਿਹੀ ਹਰਕਤ ਕਰਨ ਦੀ ਜੁਰੱਅਤ ਨਾ ਕਰੇ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੀਆਂ ਪੋਸਟਾਂ ਨੂੰ ਸ਼ੇਅਰ ਨਾ ਕੀਤਾ ਜਾਵੇ ਅਤੇ ਨਾ ਹੀ ਇਸ 'ਤੇ ਕੁਮੈਂਟ ਕੀਤੇ ਜਾਣੇ, ਸਗੋਂ ਅਜਿਹੇ ਸੋਸ਼ਲ ਮੀਡੀਆ ਖਾਤਿਆਂ ਦੀ ਰਿਪੋਰਟ ਕਰਕੇ ਉਨ੍ਹਾਂ ਨੂੰ ਬੰਦ ਕਰਵਾਉਣ ਲਈ ਸਹਿਯੋਗ ਕੀਤਾ ਜਾਵੇ।

# ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਵੱਲੋਂ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਵਿਖੇ ਸਕਿਲ ਅਤੇ ਹੈਲਥਕੇਅਰ ਦਾ ਉਦਘਾਟਨ



**ਫਰੀਦਕੋਟ/ਚੋਹਲਾ ਸਾਹਿਬ 10 ਜਨਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫ਼ਰੀਦਕੋਟ ਵਿਖੇ ਅੱਜ ਸਿਹਤ ਸਿੱਖਿਆ, ਸਕਿਲ ਵਿਕਾਸ ਅਤੇ ਸਮਾਜਿਕ ਸਸ਼ਕਤੀਕਰਨ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਚਾਰ ਮਹੱਤਵਪੂਰਨ ਪਹਿਲਕਦਮੀਆਂ ਦਾ ਉਦਘਾਟਨ ਕੀਤਾ ਗਿਆ, ਜੋ ਯੂਨੀਵਰਸਿਟੀ ਦੇ ਇਤਿਹਾਸ ਅਤੇ ਸਿਹਤ ਸੰਭਾਲ ਦੇ ਖੇਤਰ ਵਿੱਚ ਇੱਕ ਅਹਿਮ ਮੀਲ ਦਾ ਪੱਥਰ ਸਾਬਤ ਹੋਵੇਗਾ। ਇਨ੍ਹਾਂ ਪ੍ਰੋਗਰਾਮਾਂ ਦਾ ਉਦਘਾਟਨ ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ,ਸੁੱਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਅਤੇ ਰੁਜਗਾਰ ਉਤਪਤੀ ਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਵੱਲੋਂ ਕੀਤਾ ਗਿਆ। ਇਸ ਮੌਕੇ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਸੰਖਿਅਕ ਮੰਤਰੀ ਡਾ. ਬਲਜੀਤ ਕੌਰ, ਪੰਜਾਬ ਡਿਵੈਲਪਮੈਂਟ ਕਮਿਸ਼ਨ ਦੇ ਮੈਂਬਰ ਸ੍ਰੀ ਅਨੁਰਾਗ ਕੁੰਡੂ, ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ, ਵਿਧਾਇਕ ਸ੍ਰੀ ਗੁਰਦਿੱਤ ਸਿੰਘ ਸੇਖੋਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਨ੍ਹਾਂ ਚਾਰ ਪਹਿਲ ਕਦਮੀਆਂ ਵਿੱਚ ਹੈਲਥ ਸਕਿਲ ਡਿਵੈਲਪਮੈਂਟ ਸੈਂਟਰ ਫ਼ਰੀਦਕੋਟ ਜੋ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਨਾਲ ਐਮ.ਓ.ਯੂ ਤਹਿਤ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹਾਈ ਫਿਡੈਲਿਟੀ ਸਿਮੂਲੇਸ਼ਨ ਲੈਬ, ਪ੍ਰਧਾਨ ਮੰਤਰੀ ਵਿਕਾਸ ਯੋਜਨਾ ਅਧੀਨ ਉੱਦਮਤਾ ਵਿਕਾਸ ਪ੍ਰੋਗਰਾਮ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ 4.0 ਅਧੀਨ ਹੈਲਥ ਅਤੇ ਡੋਮੈਸਟਿਕ ਵਰਕਰਜ਼ ਅਤੇ ਕੇਅਰ-ਗਿਵਿੰਗ ਸੈਕਟਰ ਆਦਿ ਸ਼ਾਮਲ ਹਨ।ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਹੈਲਥਕੇਅਰ ਖੇਤਰ ਵਿੱਚ ਗੁਣਵੱਤਾ ਅਤੇ ਕੁਸ਼ਲਤਾ ਨੂੰ ਨਵੇਂ ਪੱਧਰ 'ਤੇ ਲਿਜਾਣ ਲਈ ਹੈਲਥ ਕੇਅਰ ਸਕਿੱਲ ਐਕਸੀਲੈਂਸ ਪਹਿਲ ਤਹਿਤ ਅਹਿਮ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦਾ ਮਕਸਦ ਨਰਸਿੰਗ, ਪੈਰਾਮੈਡੀਕਲ, ਲੈਬ ਟੈਕਨੋਲੋਜੀ, ਐਮਰਜੈਂਸੀ ਕੇਅਰ ਅਤੇ ਹੋਰ ਸਹਾਇਕ ਸਿਹਤ ਸੇਵਾਵਾਂ ਨਾਲ ਜੁੜੇ ਕਰਮਚਾਰੀਆਂ ਨੂੰ ਆਧੁਨਿਕ ਸਹੂਲਤਾਂ ਪ੍ਰਦਾਨ ਕਰਕੇ ਮਰੀਜ਼ਾਂ ਦੀ ਸਿਹਤ ਅਤੇ ਸੇਵਾ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਇੱਕ ਹੱਬ ਐਂਡ ਸਪੋਕ ਮਾਡਲ ਰਾਹੀਂ ਲਾਗੂ ਕੀਤਾ ਜਾਵੇਗਾ ਜਿਸ ਵਿੱਚ ਏਮਜ਼ ਬਠਿੰਡਾ ਨੋਡਲ ਸੈਂਟਰ ਵਜੋਂ ਅਤੇ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫ਼ਰੀਦਕੋਟ ਹੱਬ ਵਜੋਂ ਸ਼ਾਮਲ ਹੋਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਪੰਜਾਬ ਦੇ ਵਸਨੀਕਾਂ ਨੂੰ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮੁਫ਼ਤ ਮੁਹੱਈਆ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਹੁਣ ਤੱਕ ਪੰਜਾਬ ਸਰਕਾਰ 61 ਹਜਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਮੁਹਈਆ ਕਰਵਾ ਚੁੱਕੀ ਹੈ।ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਹੈਲਥ ਕੇਅਰ ਸਿੱਖਿਆ ਨੂੰ ਸਕਿਲ ਵਿਕਾਸ ਅਤੇ ਉੱਦਮਤਾ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣ ਲਈ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਡਾ. ਸੰਦੀਪ ਸਿੰਘ ਕੌੜਾ ਚਾਂਸਲਰ ਸ਼ਹੀਦ ਊਧਮ ਸਿੰਘ ਸਕਿੱਲ ਯੂਨੀਵਰਸਿਟੀ ,ਸ੍ਰੀ ਅਰਵਿੰਦ ਕੁਮਾਰ ਰਜਿਸਟਰਾਰ, ਪ੍ਰਿੰਸੀਪਲ ਡਾ.ਸੰਜੇ ਗੁਪਤਾ, ਡਾ ਜਸਬੀਰ ਕੌਰ, ਚੇਅਰਮੈਨ ਸ.ਅਮਨਦੀਪ ਸਿੰਘ ਬਾਬਾ , ਚੇਅਰਮੈਨ ਪਲਾਨਿੰਗ ਬੋਰਡ ਸ. ਗੁਰਤੇਜ ਸਿੰਘ ਖੋਸਾ, ਸ.ਗੁਰਸ਼ਰਨ ਸਿੰਘ ਬਰਾੜ ਸਰਪੰਚ ਕਾਬਲ ਵਾਲਾ, ਸ.ਸਰਬਜੀਤ ਸਿੰਘ ਬਰਾੜ ਬਲਾਕ ਸੰਮਤੀ ਮੈਂਬਰ, ਰਿੰਕੂ ਸਮਾਧਾਂ ਵਾਲਾ, ਜਗਮੋਹਨ ਸਿੰਘ ਲੱਕੀ ਯੂਥ ਪ੍ਰਧਾਨ, ਗੁਰਪ੍ਰੀਤ ਸਿੰਘ ਧਾਲੀਵਾਲ ਯੂਥ ਪ੍ਰਧਾਨ, ਐਮ.ਸੀ ਵਿਜੇ ਛਾਬੜਾ, ਐਮ.ਸੀ ਕਮਲਜੀਤ, ਰਵੀ ਬੁਗਰਾ, ਅਮਰਜੀਤ ਮਾਸਟਰ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ